ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit **punjabipost.ca/epaper** | Vol 21* Issue 77 | Wednesday, April 20, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਸਫਰ ਦੌਰਾਨ ਮਾਸਕ ਸਬੰਧੀ ਨਿਯਮਾਂ ਵਿੱਚ ਨਹੀਂ ਹੋਵੇਗੀ ਕੋਈ ਤਬਦੀਲੀ: ਅਲਘਬਰਾ



ਕੈਲਗਰੀ,19 ਅਪਰੈਲ (ਪੋਸਟ ਬਿਊਰੋ) : ਕੈਨੇਡਾ ਦੇ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਆਖਿਆ ਕਿ ਟਰੈਵਲ ਕਰਨ ਵਾਲਿਆਂ ਲਈ ਮਾਸਕ ਸਬੰਧੀ ਦਿਸ਼ਾ ਨਿਰਦੇਸ਼ ਪਹਿਲਾਂ ਵਾਂਗ ਹੀ ਜਾਰੀ ਰਹਿਣਗੇ।

ਉਨ੍ਹਾਂ ਆਖਿਆ ਕਿ ਭਾਵੇਂ ਅਮਰੀਕਾ ਦੀ ਇੱਕ ਅਦਾਲਤ (ਫਲੋਰਿਡਾ ਦੀ ਅਦਾਲਤ) ਵੱਲੋਂ ਮਾਸਕ ਸਬੰਧੀ ਨਿਯਮ ਖਤਮ ਕਰਨ ਦਾ ਫੈਸਲਾ ਸੁਣਾਇਆ ਗਿਆ ਹੈ ਪਰ ਅਸੀਂ ਹਾਲ ਦੀ ਘੜੀ ਅਜਿਹਾ ਨਹੀਂ ਕਰਾਂਗੇ। ਮੰਗਲਵਾਰ ਨੂੰ ਕੈਲਗਰੀ ਵਿੱਚ ਅਲਘਬਰਾ ਨੇ ਆਖਿਆ ਕਿ ਉਹ ਅਮਰੀਕਾ ਵਿੱਚ ਫਲੋਰਿਡਾ ਦੀ ਅਦਾਲਤ ਵੱਲੋਂ ਜਹਾਜ਼ਾਂ, ਰੇਲਗੱਡੀਆਂ, ਟੈਕਸੀਆਂ ਤੇ ਹੋਰਨਾਂ ਟਰੈਵਲ ਦੇ ਸਾਧਨਾਂ ਵਿੱਚ ਮਾਸਕ ਪਾਉਣ ਦੇ ਨਿਯਮ ਨੂੰ ਖ਼ਤਮ ਕਰਨ ਦੇ ਫੈਸਲੇ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ ਪਰ ਮਾਸਕ ਸਬੰਧੀ ਸਾਇੰਸ ਨੂੰ ਮੰਨਣਾ ਕੈਨੇਡਾ ਜਾਰੀ ਰੱਖੇਗਾ।

ਉਨ੍ਹਾਂ ਅੱਗੇ ਆਖਿਆ ਕਿ ਸਾਡੇ ਮਾਹਿਰਾਂ ਤੇ ਡਾਕਟਰਾਂ ਵੱਲੋਂ ਡਾਟਾ ਦੇ ਅਧਾਰ ਉੱਤੇ ਦਿੱਤੀ ਗਈ ਸਲਾਹ ਅਨੁਸਾਰ ਅਸੀਂ ਇਹ ਨਿਯਮ ਜਾਰੀ ਰੱਖਾਂਗੇ। ਇਹ ਸਿੱਧ ਹੋ ਚੁੱਕਿਆ ਹੈ ਕਿ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਮਾਸਕ ਅਹਿਮ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਆਖਿਆ ਕਿ ਮਹਾਂਮਾਰੀ ਸਬੰਧੀ ਸਿਹਤ ਮਾਪਦੰਡਾਂ ਦੀ ਲਗਾਤਾਰ ਪੜਚੋਲ ਹੁੰਦੀ ਰਹਿੰਦੀ ਹੈ।

## ਡੈਲ ਡੂਕਾ ਨੇ ਸੱਤਾ ਵਿੱਚ ਆਉਣ ਉੱਤੇ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਦਾ ਪ੍ਰਗਟਾਇਆ ਤਹੱਈਆ



ਓਨਟਾਰੀਓ, 19 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਲਿਬਰਲ ਆਗੂ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ ਹੈ ਕਿ ਜੇ ਜੂਨ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਉਹ ਪ੍ਰੀਮੀਅਰ ਬਣਦੇ ਹਨ ਤਾਂ ਉਹ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣਗੇ।

ਸਟੀਵਨ ਡੈਲ ਡੂਕਾ ਨੇ ਆਖਿਆ ਕਿ ਸੱਤਾ ਸਾਂਭਣ ਤੋਂ ਇੱਕ ਸਾਲ ਦੇ ਅੰਦਰ ਹੀ ਉਹ ਹੈਂਡਗੰਨਜ਼ ਉੱਤੇ ਪਾਬੰਦੀ ਲਾ ਦੇਣਗੇ। ਲਿਬਰਲ ਆਗੂ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ ਉਹ ਹੈਂਡਗੰਨਜ਼ ਦੀ ਵਿੱਕਰੀ, ਇਨ੍ਹਾਂ ਨੂੰ ਕੋਲ ਰੱਖਣ, ਇਨ੍ਹਾਂ ਦੀ ਟਰਾਂਸਪੋਰਟੇਸ਼ਨ ਤੇ ਹੈਂਡਗੰਨਜ਼ ਦੀ ਸਟੋਰੇਜ ਉੱਤੇ ਰੋਕ ਲਾਉਣਗੇ। ਉਨ੍ਹਾਂ ਆਖਿਆ ਕਿ ਕਈ ਲੋਕਾਂ ਦੀ ਇਨ੍ਹਾਂ ਗੰਨਜ਼ ਕਾਰਨ ਮੌਤ ਹੋ ਚੁੱਕੀ ਹੈ ਤੇ ਕਈਆਂ ਦੇ ਆਪਣੇ ਜਾਨ ਤੋਂ ਹੱਥ ਧੁਆ ਚੁੱਕੇ ਹਨ ਤੇ ਅਸੀਂ ਇਸ ਸਿਲਸਿਲੇ ਉੱਤੇ ਰੋਕ ਲਾਉਣੀ ਚਾਹੁੰਦੇ ਹਾਂ।

ਓਨਟਾਰੀਓ ਦੇ ਲਿਬਰਲਾਂ ਵੱਲੋਂ ਇਹ ਵੀ ਆਖਿਆ ਗਿਆ ਕਿ ਜੇ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਫੈਡਰਲ ਸਰਕਾਰ ਦੇ ਬਾਇ ਬੈਕ ਪ੍ਰੋਗਰਾਮ ਨੂੰ ਫੰਡ ਕਰਨ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਗੇ ਤੇ ਅਮਰੀਕਾ ਨਾਲ ਲੱਗਦੀ ਓਨਟਾਰੀਓ ਦੀ ਕੌਮਾਂਤਰੀ ਹੱਦ ਤੋਂ ਹੋਣ ਵਾਲੀ ਗੰਨ ਦੀ ਸਮਗਲਿੰਗ ਰੋਕਣ ਵਿੱਚ ਵੀ ਭਾਈਵਾਲੀ ਕਰਨਗੇ। ਲਿਬਰਲਾਂ ਨੇ ਹੈਂਡਗੰਨਜ਼ ਉੱਤੇ ਕੌਮੀ ਪੱਧਰ ਉੱਤੇ ਵੀ ਪਾਬੰਦੀ ਲਾਉਣ ਦੀ ਪੈਰਵੀ ਕੀਤੀ ਤੇ ਆਖਿਆ ਕਿ ਅਜਿਹਾ ਕਰਨ ਨਾਲ ਪ੍ਰੋਵਿੰਸ਼ੀਅਲ ਸਰਹੱਦਾਂ ਰਾਹੀਂ ਗੰਨਜ਼ ਕੈਨੇਡਾ ਵਿੱਚ ਦਾਖਲ ਨਹੀਂ ਹੋ ਸਕਣਗੀਆਂ।

ਇਸ ਦੌਰਾਨ ਫੋਰਡ ਸਰਕਾਰ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਗੰਨ ਹਿੰਸਾ ਡੈਲ ਡੂਕਾ ਦੇ ਵਾਅਦੇ ਨਾਲ ਨਹੀਂ ਹਟਣ ਵਾਲੀ। ਸਾਲੀਸਿਟਰ ਜਨਰਲ ਦੇ ਆਫਿਸ ਨੇ ਆਖਿਆ ਕਿ ਪ੍ਰੋਵਿੰਸ ਵਿੱਚ 80 ਫੀ ਸਦੀ ਗੰਨ ਵਾਇਲੰਸ ਨੂੰ ਗੈਰਕਾਨੂੰਨੀ ਗੰਨਜ਼ ਨਾਲ ਹੀ ਅੰਜਾਮ ਦਿੱਤਾ ਜਾਂਦਾ ਹੈ। ਗੰਨ ਵਾਇਲੰਸ ਨਾਲ ਹੋਣ ਵਾਲੀਆਂ ਅੱਧੀ ਤੋਂ ਵੱਧ ਮੌਤਾਂ ਗੈਂਗ ਨਾਲ ਸਬੰਧਤ ਹਨ।

## ਪਿੱਕਅੱਪ ਟਰੱਕ ਤੇ ਕਾਰ ਦੀ ਟੱਕਰ ਵਿੱਚ ਦੋ ਜ਼ਖ਼ਮੀ



ਟੋਰਾਂਟੋ, 19 ਅਪਰੈਲ (ਪੋਸਟ ਬਿਊਰੋ) : ਮਿਮਿਕੋ ਵਿੱਚ ਲੇਕ ਸ਼ੋਰ ਬੂਲੇਵਾਰਡ ਉੱਤੇ ਦੋ ਗੱਡੀਆਂ ਵਿਚਾਲੇ ਹੋਈ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਇਲਾਜ ਲਈ ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ।

ਰਾਤੀਂ 8:15 ਦੇ ਨੇੜੇ ਤੇੜੇ ਲੇਕ ਸ਼ੋਰ ਬੂਲੇਵਾਰਡ ਤੇ ਲੇਕ ਕ੍ਰੀਸੈਂਟ ਇਲਾਕੇ ਵਿੱਚ ਟਰੱਕ ਤੇ ਇੱਕ ਹੋਰ ਗੱਡੀ ਦਰਮਿਆਨ ਹੋਈ ਟੱਕਰ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਟੋਰਾਂਟੋ ਪੈਰਾਮੈਡਿਕ ਸਰਵਿਸ ਨੇ ਦੱਸਿਆ ਕਿ ਇੱਕ 20 ਸਾਲਾ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਦੂਜੇ ਵਿਅਕਤੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਮੌਕੇ ਤੋਂ ਪ੍ਰਾਪਤ ਤਸਵੀਰਾਂ ਵਿੱਚ ਇੱਕ ਪਿੱਕਅੱਪ ਟਰੱਕ ਨਜ਼ਰ ਆ ਰਿਹਾ ਹੈ, ਜਿਸ ਦਾ ਸਾਹਮਣੇ ਵਾਲਾ ਹਿੱਸਾ ਕਾਫੀ ਨੁਕਸਾਨਿਆ ਹੋਇਆ ਹੈ ਤੇ ਇੱਕ ਹੋਰ ਗੱਡੀ ਨਜ਼ਰ ਆ ਰਹੀ ਹੈ ਜਿਹੜੀ ਬੁਰੀ ਤਰ੍ਹਾਂ ਟੁੱਟੀ ਭੱਜੀ ਪਈ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਹਾਦਸਾ ਕਿੰਨਾ ਜ਼ਬਰਦਸਤ ਸੀ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਊਬਰ ਕੈਨੇਡਾ ਨੇ ਡਰਾਈਵਰਾਂ ਤੇ ਯਾਤਰੀਆਂ ਨੂੰ ਮਾਸਕ ਪਾਉਣ ਤੋਂ ਦਿੱਤੀ ਛੋਟ




ਓਟਵਾ, 19 ਅਪਰੈਲ (ਪੋਸਟ ਬਿਊਰੋ) : 22 ਅਪਰੈਲ ਤੋਂ ਊਬਰ ਕੈਨੇਡਾ ਵਿੱਚ ਸਫਰ ਕਰਨ ਵਾਲੇ ਯਾਤਰੀਆਂ ਤੇ ਡਰਾਈਵਰਾਂ ਨੂੰ ਮਾਸਕ ਪਾਉਣ ਤੋਂ ਕੰਪਨੀ ਵੱਲੋਂ ਛੋਟ ਦਿੱਤੀ ਜਾਵੇਗੀ।

ਇਹ ਜਾਣਕਾਰੀ ਊਬਰ ਕੈਨੇਡਾ ਦੇ ਬੁਲਾਰੇ ਨੇ ਮੰਗਲਵਾਰ ਨੂੰ ਈਮੇਲ ਰਾਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਕਿਊਬਿਕ ਨੂੰ ਛੱਡ ਕੇ 22 ਅਪਰੈਲ ਤੋਂ ਕੈਨੇਡਾ ਭਰ ਵਿੱਚ ਊਬਰ ਵਿੱਚ ਸਫਰ ਦੌਰਾਨ ਨਾ ਡਰਾਈਵਰ ਨੂੰ ਤੇ ਨਾ ਹੀ ਸਵਾਰੀ ਨੂੰ ਮਾਸਕ ਪਾਉਣ ਦੀ ਲੋੜ ਹੈ। ਇਹ ਵੀ ਆਖਿਆ ਗਿਆ ਕਿ ਜਦੋਂ ਰਾਈਡ ਸਾਂਝੀ ਕਰਨੀ ਹੋਵੇ ਤਾਂ ਊਬਰ ਕੈਨੇਡਾ ਮਾਸਕ ਪਾਉਣ ਦੀ ਸਲਾਹ ਦਿੰਦਾ ਹੈ।

ਬਿਆਨ ਵਿੱਚ ਆਖਿਆ ਗਿਆ ਕਿ ਹੈਲਥ ਕੈਨੇਡਾ ਦੀ ਸਲਾਹ ਉੱਤੇ, ਊਬਰ ਕੈਨੇਡਾ ਵੱਲੋਂ ਅਜੇ ਵੀ ਇਲਾਕੇ ਵਿੱਚ ਇਨਫੈਕਸ਼ਨ ਦੀ ਦਰ ਨੂੰ ਤੇ ਨਿਜੀ ਰਿਸਕ ਕਾਰਕਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮਾਸਕ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਹ ਵੀ ਆਖਿਆ ਗਿਆ ਕਿ ਡਰਾਈਵਰ ਅਜੇ ਵੀ ਆਪਣੇ ਰਾਈਡਰਜ਼ ਨੂੰ ਮਾਸਕ ਪਾਉਣ ਲਈ ਆਖ ਸਕਦੇ ਹਨ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹ ਟਰਿੱਪ ਰੱਦ ਵੀ ਕਰ ਸਕਦੇ ਹਨ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA Broker of Record
Dir: 647-545-5228 Off: 905-457-4588
RE/MAX Global Realty

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇੰਮੀ ਰਾਹ ਰਾਦ੍ਰੀ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਲਫ਼ੀਆ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਮਿਲੋ।
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਸਮਾਗਮਾਂ 'ਚ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ





ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਖਾਲਸਾ ਸਾਜਨਾ ਦਿਵਸ ਮੌਕੇ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁ-ਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਸੰਬੰਧੀ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਏ ਗਏ। ਇਹ ਪਹਿਲੀ ਵਾਰ ਸੀ ਕਿ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਵੀ ਲੰਘਿਆ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ, ਭਾਈ ਨਿਰਮਲ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਵਿਸਾਖੀ ਦੇ ਇਹਨਾਂ ਸਮਾਗਮਾ ਦੌਰਾਨ ਪੂਰਾ ਹਫਤਾ ਭਾਈ ਪਿਆਰਾ ਸਿੰਘ ਪ੍ਰੇਮੀ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਇਆ ਅਤੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਖੂਨ ਦੇ ਟੈਸਟ (ਕਲੈਸਟਰੋਲ, ਸ਼ੂਗਰ), ਬਲੱਡ ਪਰੈਸ਼ਰ, ਦਿਲ ਦੀ ਈਕੇਜੀ, ਅਤੇ ਡਾਕਟਰੀ ਸਲਾਹ ਮਸ਼ਵਰਾ ਵੀ ਦਿੱਤਾ ਗਿਆ। ਸਿੱਖ ਭਾਈਚਾਰੇ ਦੇ ਡਾਕਟਰੀ ਖਿੱਤੇ ਨਾਲ ਜੁੜੇ ਮੈਂਬਰਾਂ ਨੇ ਇਹ ਸੇਵਾ ਕੀਤੀ। ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ ਅਤੇ ਪਹਿਲੀ ਵਾਰ ਸ਼ਹਿਰ ਵਿੱਚ ਕੱਢੇ ਗਏ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।

# ਕੋਵਿਡ-19 ਦੇ ਮਾਮਲਿਆਂ ਵਿੱਚ ਇੱਕ ਵਾਰੀ ਫਿਰ ਦਰਜ ਕੀਤਾ ਜਾ ਰਿਹਾ ਹੈ ਵਾਧਾ



ਰੇਜਾਈਨਾ, 19 ਅਪਰੈਲ (ਪੋਸਟ ਬਿਊਰੋ) : ਕੈਨੇਡਾ ਭਰ ਦੇ ਹਸਪਤਾਲਾਂ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੱਕ ਮਹੀਨੇ ਤੱਕ ਹੋਰ ਇਹ ਸਿਲਸਿਲਾ ਜਾਰੀ ਰਹਿ ਸਕਦਾ ਹੈ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਡਾਟਾ ਅਨੁਸਾਰ 4 ਅਪਰੈਲ ਤੋਂ 11 ਅਪਰੈਲ ਤੱਕ ਕੈਨੇਡਾ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ 18 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ। ਆਖਰੀ ਹਫਤੇ ਵਿੱਚ ਕਿਊਬਿਕ, ਓਨਟਾਰੀਓ, ਨੋਵਾ ਸਕੋਸ਼ੀਆ ਤੇ ਪ੍ਰੇਰੀਜ਼ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਪਾਇਆ ਗਿਆ। ਕੁੱਝ ਪ੍ਰੋਵਿੰਸਾਂ ਵਿੱਚ ਤਾਂ ਆਈਸੀਯੂ ਵਿੱਚ ਭਰਤੀ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ।

ਪ੍ਰੋਵਿੰਸਾਂ ਵੱਲੋਂ ਮੁਹੱਈਆ ਕਰਵਾਏ ਗਏ ਡਾਟਾ ਅਨੁਸਾਰ ਕਿਊਬਿਕ ਵਿੱਚ 2,220 ਲੋਕ ਤੇ ਓਨਟਾਰੀਓ ਵਿੱਚ 1,301 ਲੋਕ ਹਸਪਤਾਲਾਂ ਵਿੱਚ ਦਾਖਲ ਹਨ ਜਦਕਿ ਅਲਬਰਟਾ ਵਿੱਚ 1053, ਸਸਕੈਚਵਨ ਵਿੱਚ 403, ਮੈਨੀਟੋਬਾ ਵਿੱਚ 158 ਤੇ ਨੋਵਾ ਸਕੋਸ਼ੀਆ ਵਿੱਚ 59 ਮਾਮਲੇ ਸਾਹ-ਮਣੇ ਆ ਚੁੱਕੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਓਮਾਈਕ੍ਰੌਨ ਦੇ ਬੀਏ•2 ਸਬ ਵੇਰੀਐਂਟ ਕਾਰਨ ਕਈ ਪ੍ਰੋਵਿੰਸ ਛੇਵੀਂ ਵੇਵ ਦੀ ਜਕੜ ਵਿੱਚ ਹਨ ਪਰ ਇਹ ਵੇਵ ਓਮਾਈਕ੍ਰੌਨ ਦੇ ਅਸਲ ਮਾਮਲਿਆਂ ਜਿੰਨੀਂ ਨਾਟਕੀ ਨਹੀਂ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਜਿਹੜੇ ਲੋਕਾਂ ਦਾ ਮੁਕੰਮਲ ਟੀਕਾਕਰਣ ਹੋ ਚੁੱਕਿਆ ਹੈ ਉਹ ਕੋਵਿਡ-19 ਦੇ ਗੰਭੀਰ ਨਤੀਜਿਆਂ ਤੋਂ ਮਹਿਫੂਜ਼ ਹਨ।

# ਬਾਇਡਨ ਪ੍ਰਸ਼ਾਸਨ ਵੱਲੋਂ ਇਨਫਰਾਸਟ੍ਰਕਚਰ ਲਈ ਅਮਰੀਕਾ ਵਿੱਚ ਹੀ ਤਿਆਰ ਸਟੀਲ ਤੇ ਲੋਹਾ ਵਰਤਣ ਦੇ ਹੁਕਮ



ਵਾਸ਼ਿੰਗਟਨ, 19 ਅਪਰੈਲ (ਪੋਸਟ ਬਿਊਰੋ) : ਬਾਇਡਨ ਪ੍ਰਸ਼ਾਸਨ ਵੱਲੋਂ ਇੱਕ ਇੱਕ ਡਾਲਰ ਅਮਰੀਕਾ ਦੇ ਨਿਰਮਾਣ ਵਿੱਚ ਲਾਉਣਾ ਯਕੀਨੀ ਬਣਾਉਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਇਨਫਰਾਸਟ੍ਰਕਚਰ ਪੈਕੇਜ ਲਈ ਖਰਚ ਕੀਤੇ ਜਾਣ ਵਾਲੇ 1 ਟ੍ਰਿਲੀਅਨ ਡਾਲਰ ਨਾਲ ਉਸਾਰੀ ਸਬੰਧੀ ਮਟੀਰੀਅਲ ਦੇਸ਼ ਤੋਂ ਲੈਣਾ ਹੀ ਯਕੀਨੀ ਬਣਾਇਆ ਜਾਵੇਗਾ।

ਪ੍ਰਸ਼ਾਸਨਕ ਅਧਿਕਾਰੀਆਂ ਅਨੁਸਾਰ ਸੋਮਵਾਰ ਨੂੰ ਇਸ ਸਬੰਧੀ ਨਿਰਦੇਸ਼ ਜਾਰੀ ਕੀਤੇ ਗਏ ਕਿ ਭਾਵੇਂ ਕੋਈ ਪੁਲ ਬਣਾਉਣਾ ਹੋਵੇ, ਕੋਈ ਹਾਈਵੇਅ ਦੀ ਉਸਾਰੀ ਹੋਵੇ ਜਾਂ ਪਾਣੀ ਵਾਲੀ ਪਾਈਪ ਜਾਂ ਬ੍ਰੌਡਬੈਂਡ ਇੰਟਰਨੈੱਟ ਲਈ ਤਾਰਾਂ ਵਿਛਾਉਣੀਆਂ ਹੋਣ, ਉਨ੍ਹਾਂ ਦਾ ਅਮਰੀਕਾ ਵਿੱਚ ਤਿਆਰ ਹੋਣਾ ਜ਼ਰੂਰੀ ਹੋਵੇਗਾ। ਜੇ ਕਿਸੇ ਸਮਾਨ ਦੇ ਘਰੇਲੂ ਨਿਰਮਾਤਾਵਾਂ ਦੀ ਘਾਟ ਪਾਈ ਜਾਂਦੀ ਹੈ ਜਾਂ ਮਟੀਰੀਅਲ ਦੀ ਕੀਮਤ ਕਾਫੀ ਜ਼ਿਆਦਾ ਹੈ ਤਾਂ ਅਮਰੀਕੀ ਨਿਰਮਾਤਾਵਾਂ ਦੀ ਸਮਰੱਥਾ ਵਧਾਉਣ ਲਈ ਕੁੱਝ ਛੋਟਾਂ ਵੀ ਦਿੱਤੀਆਂ ਜਾਣਗੀਆਂ।

ਮੈਨੇਜਮੈਂਟ ਐਂਡ ਬਜਟ ਵਿੱਚ ਮੇਡ ਇਨ ਅਮੈਰਿਕਾ ਦੇ ਡਾਇਰੈਕਟਰ ਸੈਲੈਸਤੇ ਡਰੇਕ ਨੇ ਆਖਿਆ ਕਿ ਮੈਨੂਫੈਕਚਰਿੰਗ ਸੈਕਟਰ ਵਿੱਚ ਚੰਗੀਆਂ ਨੌਕਰੀਆਂ ਲਈ ਵਾਧੂ ਮੌਕੇ ਵੀ ਦਿੱਤੇ ਜਾਣਗੇ। ਬਾਇਡਨ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਸ ਨਾਲ ਵਧੇਰੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਸਪਲਾਈ ਚੇਨ ਉੱਤੇ ਪੈਣ ਵਾਲੇ ਬੋਝ ਨੂੰ ਘਟਾਇਆ ਜਾ ਸਕੇਗਾ ਤੇ ਚੀਨ ਜਾਂ ਹੋਰਨਾਂ ਦੇਸ਼ਾਂ ਉੱਤੇ ਨਿਰਭਰਤਾ ਘਟੇਗੀ।

# ਇੱਕ ਮਹਿਲਾ ਵੱਲੋਂ ਦੂਜੀ ਨੂੰ ਰੇਲਵੇ ਟਰੈਕ ਉੱਤੇ ਦਿੱਤਾ ਗਿਆ ਧੱਕਾ, ਮਹਿਲਾ ਜ਼ਖ਼ਮੀ

ਟੋਰਾਂਟੋ, 19 ਅਪਰੈਲ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਡਾਊਨਟਾਊਨ ਸਥਿਤ ਟੀਟੀਸੀ ਸਟੇਸ਼ਨ ਉੱਤੇ ਇੱਕ ਮਹਿਲਾ ਨੂੰ ਰੇਲਵੇ ਟਰੈਕ ਉੱਤੇ ਧੱਕਾ ਦੇ ਦਿੱਤਾ ਗਿਆ ਤੇ ਗੱਡੀ ਵੱਲੋਂ ਟੱਕਰ ਵੱਜਣ ਕਾਰਨ ਉਹ ਮਹਿਲਾ ਜ਼ਖ਼ਮੀ ਹੋ ਗਈ।

ਇਹ ਘਟਨਾ ਰਾਤੀਂ 9:00 ਵਜੇ ਯੰਗ ਸਟੇਸ਼ਨ ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਜਦੋਂ ਐਮਰਜੰਸੀ ਅਮਲਾ ਪਹੁੰਚਿਆ ਤਾਂ ਉਨ੍ਹਾਂ ਨੂੰ ਮਹਿਲਾ ਹੋਸ਼ ਵਿੱਚ ਤੇ ਸਾਹ ਲੈਂਦੀ ਮਿਲੀ। ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਹ ਮਹਿਲਾ ਮਸ਼ਕੂਕ ਨੂੰ ਲੱਭ ਰਹੇ ਹਨ ਜਿਸ ਨੂੰ ਸਟੇਸ਼ਨ ਤੋਂ ਭੱਜਦਿਆਂ ਤੇ ਆਖਰੀ ਵਾਰੀ ਬਲੂਅਰ ਸਟਰੀਟ ਉੱਤੇ ਵੇਖਿਆ ਗਿਆ। ਉਸ ਨੇ ਪਿੰਕ ਤੇ ਗ੍ਰੇਅ ਰੰਗ ਦੀ ਹੈਟ, ਪਫੀ ਬਲੈਕ ਜੈਕੇਟ, ਗ੍ਰੇਅ ਹੁਡੀ, ਬਲੈਕ ਪੈਂਟਸ ਵਿੱਚ ਲਾਲ ਰੰਗ ਦੇ ਬੈਗ ਨਾਲ ਵੇਖਿਆ ਗਿਆ।

ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮਸ਼ਕੂਕ ਨੇ ਮਹਿਲਾ ਨੂੰ ਟਰੈਕ ਉੱਤੇ ਧੱਕਾ ਕਿਉਂ ਦਿੱਤਾ। ਸੇਂਟ ਜਾਰਜ ਤੇ ਬ੍ਰੌਡਵੇਅ ਸਟੇਸ਼ਨਜ਼ ਦਰਮਿਆਨ ਲਾਈਨ 2 ਉੱਤੇ ਸੇਵਾ ਸਸਪੈਂਡ ਕਰ ਦਿੱਤੀ ਗਈ। ਰਾਤੀਂ 11:00 ਵਜੇ ਤੋਂ ਬਾਅਦ ਇੱਥੇ ਨਿਯਮਿਤ ਰੇਲ ਸੇਵਾ ਸ਼ੁਰੂ ਕਰ ਦਿੱਤੀ ਗਈ।

# ਛੁਰੇਬਾਜ਼ੀ ਕਾਰਨ 15 ਸਾਲਾ ਸਕੂਲੀ ਬੱਚੀ ਦੀ ਮੌਤ

ਸਟੌਕਟਨ, ਕੈਲੇਫੋਰਨੀਆ, 19 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਹਾਈ ਸਕੂਲ ਦੇ ਕੈਂਪਸ ਵਿੱਚ ਅਚਾਨਕ ਕੀਤੀ ਗਈ ਛੁਰੇਬਾਜ਼ੀ ਕਾਰਨ ਇੱਕ 15 ਸਾਲਾ ਬੱਚੀ ਦੀ ਮੌਤ ਹੋ ਗਈ। ਕੈਲੇਫੋਰਨੀਆ ਦੀ ਸੈਂਟਰਲ ਵੈਲੀ ਵਿੱਚ ਸਥਿਤ ਸਟੌਕਟਨ ਦੇ ਸਟੈਗ ਹਾਈ ਸਕੂਲ ਵਿੱਚ ਸਵੇਰੇ 11:00 ਵਜੇ ਦੇ ਨੇੜੇ ਤੇੜੇ ਇੱਕ ਬੱਚੀ ਨੂੰ ਕਈ ਵਾਰੀ ਚਾਕੂ ਮਾਰੇ ਗਏ। ਇੱਕ ਨਿਊਜ਼ ਕਾਨਫਰੰਸ ਵਿੱਚ ਸਟੌਕਟਨ ਯੂਨੀਫੈੱਡ ਸਕੂਲ ਦੇ ਡਿਸਟ੍ਰਿਕਟ ਸੁਪਰਡੈਂਟ ਜੌਹਨ ਰੈਮੀਰੇਜ਼ ਜੂਨੀਅਰ ਨੇ ਆਖਿਆ ਕਿ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਦੀ ਮੌਤ ਹੋ ਗਈ। ਬੱਚੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਹਮਲਾਵਰ, ਜੋ ਕਿ ਆਪਣੇ 40ਵਿਆਂ ਵਿੱਚ ਹੈ, ਨੂੰ ਤੁਰੰਤ ਨਜ਼ਰਬੰਦ ਕਰ ਲਿਆ ਗਿਆ। ਉਸ ਦੇ ਨਾਂ ਦਾ ਵੀ ਖੁਲਾਸਾ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ ਵਿਅਕਤੀ ਸਕੂਲ ਤੱਕ ਗੱਡੀ ਵਿੱਚ ਆਇਆ ਤੇ ਫਿਰ ਉਹ ਕੈਂਪਸ ਦੇ ਗੇਟ ਅੰਦਰ ਦਾਖਲ ਹੋ ਗਿਆ। ਰੈਮੀਰੇਜ਼ ਨੇ ਆਖਿਆ ਕਿ ਇਸ ਤੋਂ ਪਹਿਲਾਂ ਕਿ ਉਸ ਨੂੰ ਸਕਿਊਰਿਟੀ ਤੇ ਸਟਾਫ ਰੋਕ ਪਾਉਂਦਾ, ਉਸ ਨੇ ਹਮਲਾ ਕਰ ਦਿੱਤਾ। ਉਨ੍ਹਾਂ ਆਖਿਆ ਕਿ ਉਹ ਸਕੂਲ ਦੀ ਸਕਿਊਰਿਟੀ ਦਾ ਮੁਲਾਂਕਣ ਕਰ ਰਹੇ ਹਨ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill (MBA,LL.B.)
Tel: 905-790-3636


2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਪੀ ਕੇ-ਪੀ ਕੇ ਦੀ ਹੁੰਦੀ ਆ ਨਿੱਤ ਚਰਚਾ,
ਏਧਰੋਂ-ਓਧਰ ਉਡਾਰੀ ਉਹ ਲਾਂਵਦਾ ਈ।
ਬਣਿਆ ਭਰਮ ਕਿ ਜੁੜੇਗਾ ਨਾਲ ਜੀਹਦੇ,
ਉਸ ਦੀ ਜਿੱਤ ਲਈ ਰਾਹ ਬਣਾਂਵਦਾ ਈ।
ਕਦੀ ਤਾਂ ਜਿੱਤ ਵੀ ਜਾਂਵਦੀ ਧਿਰ ਉਹਦੀ,
ਕਦੇ ਹਾਰ ਕੇ ਉਹ ਮੁੜਿਆ ਆਂਵਦਾ ਈ।
ਪਾਰਟੀ ਇੱਕ ਦੇ ਨਾਲ ਨਾ ਕਦੇ ਟਿਕਿਆ,
ਬਦਲੇ ਮੌਸਮ ਨਾਲ ਰੰਗ ਪਲਟਾਂਵਦਾ ਈ।
ਗਾਂਧੀ ਟੱਬਰ ਦੇ ਵਾੜੇ ਵਿੱਚ ਫੇਰ ਵੜਿਆ,
ਅਗਲੀ ਚੌਧਰ ਲਈ ਬਣਤ ਬਣਾਂਵਦਾ ਈ।
ਜਿੱਤਣ ਜੋਗੀ ਨਹੀਂ ਪਾਰਟੀ ਰਹੀ ਜਿਹੜੀ,
ਸੁਫਨਾਜਿੱਤਣ ਦਾਉਹਨੂੰ ਵਿਖਾਂਵਦਾ ਈ।

**ਤੀਸ ਮਾਰ ਖਾਂ**

ਆਪ ਪਾਰਟੀ ਦੇ ਐੱਮ ਪੀ ਨੇ ਕਿਹਾ:

# ਹਰਿਆਣਾ ਵਿੱਚ 'ਆਪ' ਦੀ ਸਰਕਾਰ ਬਣੇਗੀ ਤਾਂ ਐੱਸ ਵਾਈ ਐੱਲ ਨਹਿਰ ਦਾ ਪਾਣੀ ਲਿਆਵਾਂਗੇ

* ਹਰ ਪਿੰਡ ਵਿੱਚ ਪਹੁੰਚੇਗਾ ਐੱਸ ਵਾਈ ਐੱਲ ਦਾ ਪਾਣੀ: ਸੁਸ਼ੀਲ ਗੁਪਤਾ



ਨਵੀਂ ਦਿੱਲੀ, 19 ਅਪਰੈਲ, (ਪੋਸਟ ਬਿਊਰੋ)- ਸਤਲੁਜ ਜਮੁਨਾ ਲਿੰਕ ਨਹਿਰ (ਐੱਸ ਵਾਈ ਐੱਲ)ਦੇ ਮੁੱਦੇ ਉੱਤੇ ਆਮ ਆਦਮੀ ਪਾਰਟੀ ਦੇ ਦਿੱਲੀ ਤੋਂ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਹਰਿਆਣਾ ਦੇ ਲੋਕਾਂ ਨੂੰ ਅੱਜ ਇਹ ਨਹਿਰ ਬਣਾਉਣ ਦੀ ਗਰੰਟੀ ਦੇਦਿੱਤੀ। ਸੁਸ਼ੀਲ ਗੁਪਤਾ ਨੇ ਕਿਹਾ ਹੈ ਕਿ 'ਹਰਿਆਣਾ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀਤਾਂ ਇਸ ਰਾਜ ਨੂੰ ਐੱਸ ਵਾਈ ਐੱਲ ਨਹਿਰ ਦਾ ਪਾਣੀ ਮਿਲੇਗਾ'। ਇਹ ਨਹੀਂ, ਉਨ੍ਹਾਂ ਇਹ ਵੀ ਕਿਹਾ ਕਿ 'ਹਰਿਆਣਾ ਦੇ ਹਰ ਪਿੰਡਵਿੱਚਇਸ ਨਹਿਰ ਦਾ ਪਾਣੀ ਪਹੁੰ-ਚੇਗਾ ਅਤੇ ਹਰ ਖੇਤ ਨੂੰ ਇਸ ਦਾ ਪਾਣੀ ਮਿਲੇਗਾ'।

ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਕਿਹਾ ਕਿ ਕੋਈ ਵੀ ਰਿਵਾਇਤੀ ਪਾਰਟੀ ਐੱਸ ਵਾਈ ਐੱਲਮਸਲੇ ਦਾ ਹੱਲ ਨਹੀਂ ਚਾਹੁੰਦੀ, ਇਸ ਲਈ ਇਸ ਦਾ ਹੱਲ ਆਮ ਆਦਮੀ ਪਾਰਟੀ ਕਰੇਗੀ।ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੁਸ਼ੀਲ ਗੁਪਤਾ ਨੇ ਆਖਿਆ ਸੀ ਕਿ ਸਾਲ 2024 ਵਿੱਚਹਰਿਆਣਾ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਤਾਂਦਿੱਲੀ ਵਾਂਗ ਹਰਿਆਣਾ ਵਿੱਚ ਚੰਗੇ ਸਕੂਲ, ਚੰਗੀ ਸਿੱਖਿਆ, ਹਸਪਤਾਲ ਤੇ ਮੁਫਤ ਬਿਜਲੀ ਦੀ ਸਹੂਲਤ ਮਿਲੇਗੀ, ਇਹ ਸਹੂਲਤ ਪੰਜਾਬ ਵਿੱਚਦਿੱਤੀ ਜਾਣ ਲੱਗੀ ਹੈ ਤੇ ਹਰਿਆਣਾ ਵਿੱਚ ਵੀ ਲਾਗੂਕੀਤੀ ਜਾਵੇਗੀ।

ਪਿਛਲੇ ਦਿਨੀਂ ਸੁਸ਼ੀਲ ਗੁਪਤਾ ਨੇ ਚੰਡੀਗੜ੍ਹ ਸ਼ਹਿਰ ਦੇ ਵਿਵਾਦਬਾਰੇ ਸੋਨੀਪਤ ਦੇ ਪਿੰਡ ਭਟਗਾਉਂ ਵਿੱਚ ਕਿਹਾ ਸੀ ਕਿ ਚੰਡੀਗੜ੍ਹ ਬਾਰੇ ਪੰਜਾਬ ਤੇ ਹਰਿਆਣਾ ਦੋਵਾਂ ਦਾ ਕੋਈ ਵਿਵਾਦ ਨਹੀਂ, ਇਹ ਨੇਤਾਵਾਂਦਾ ਵਿਵਾਦ ਹੈ। ਉਨ੍ਹਾਂ ਕਿਹਾ ਸੀ ਕਿ ਭਾਜਪਾ ਸਰਕਾਰ ਨੇ ਪੰਜਾਬ ਵਿਰੁੱਧ ਨਿੰਦਾ ਮਤਾ ਪਾਸ ਕਰ ਦਿੱਤਾ, ਪਰ ਇਸ ਨਾਲ ਹਰਿਆਣਾ ਦੇ ਲੋਕਾਂ ਦਾ ਭਲਾ ਨਹੀਂ ਹੋਣਾ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੀ ਰਾਜਧਾਨੀ ਲਈ 20 ਹਜ਼ਾਰ ਕਰੋੜ ਰੁਪਏ ਦੀ ਮੰਗ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਉਹ ਹਰਿਆਣਾ ਦੀ ਰਾਜਨੀਤੀ ਸੁਧਾਰਨ ਲਈ ਪਿੰਡ-ਪਿੰਡ ਜਾ ਕੇ ਇਮਾਨਦਾਰ ਲੋਕਾਂ ਦੀ ਭਾਲ ਕਰ ਰਹੇ ਹਨ ਅਤੇ ਹਰਿਆਣਾ ਦਾ ਭਵਿੱਖ ਸੁਧਾਰਨ ਲਈ ਏਥੇ ਰਾਜ ਨਹੀਂ, ਰਾਜਨੀਤੀ ਬਦਲਣਾ ਚਾਹੁੰਦੇ ਹਨ।

ਐੱਸ ਵਾਈ ਐੱਲ ਨਹਿਰ ਦਾ ਮੁੱਦਾ

# ਆਪ ਪਾਰਟੀ ਦੇ ਐੱਮ ਪੀ ਦੇ ਬਿਆਨ ਉੱਤੇ ਵਿਰੋਧੀ ਧਿਰਾਂ ਨੇ ਭਗਵੰਤ ਮਾਨ ਤੋਂ ਸਫਾਈ ਮੰਗੀ



ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)-ਬਾਦਲ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਵਾਲਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਵਿਚਲੀ ਗੱਲ ਦੱਸਣ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਪੰਜਾਬ ਦਾ ਦਰਿਆਈ ਪਾਣੀ ਹਰਿਆਣਾ ਦੇ ਹਰ ਖੇਤ ਤੱਕ ਪੁੱਜਦਾ ਕਰਨ ਲਈ ਗਾਰੰਟੀ ਉਨ੍ਹਾਂ ਦੇ ਆਸ਼ੀਰਵਾਦ ਨਾਲ ਦਿੱਤੀ ਜਾਂ ਆਪਣੇ ਆਪ ਕਹਿ ਰਹੇ ਹਨ ਅਤੇ ਇਸ ਬਾਰੇ ਉਨ੍ਹਾਂ ਦੀ ਆਪਣੀ ਰਾਏ ਇਸ ਵੇਲੇ ਕੀ ਹੈ?ਵਰਨਣ ਯੋਗ ਹੈ ਕਿ ਇਹ ਬਿਆਨ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੇ ਹਰਿਆਣਾ ਦੇ ਲੋਕਾਂ ਨੂੰ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਬਣਾਉਣ ਦੀ ਅਪੀਲ ਕਰਦਿਆਂ ਦਿੱਤਾ ਹੈ।

ਪੰਜਾਬ ਕਾਂਗਰਸ ਦੇ ਨਵੇਂ ਨਿਯੁਕਤ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜ਼ੋਰ ਨਾਲ ਕਿਹਾ ਹੈ ਕਿ ਪੰਜਾਬ ਦੇ ਪਾਣੀਆਂ ਬਾਰੇ ਉਹ ਕਿਸੇ ਨੂੰ ਆਪਹੁਦਰਾ ਸਮਝੌਤਾ ਨਹੀਂ ਕਰਨ ਦੇਣਗੇ। ਉਨ੍ਹਾਂ ਨੇ ਹਰਿਆਣਾ ਨਾਲ ਸੰਬੰਧਤ ਤੇ ਆਮ ਆਦਮੀ ਪਾਰਟੀ ਵੱਲੋਂ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਦੇ ਮੈਂਬਰ ਸੁਸ਼ੀਲ ਗੁਪਤਾ ਦੇ ਇਸ ਬਿਆਨ ਨੂੰ ਹੈਰਾਨ ਕਰਨ ਵਾਲਾ ਵੀ ਅਤੇ ਚਿੰਤਾ ਵਾਲਾ ਵੀ ਕਿਹਾ ਕਿ ਉਹ ਹਰਿਆਣਾ ਦੇ ਲੋਕਾਂ ਲਈ ਸਤਲੁਜ-ਯਮਨਾ ਲਿੰਕ (ਐੱਸ ਵਾਈ ਐੱਲ)ਨਹਿਰ ਦਾ ਪਾਣੀ ਉਥੋਂ ਤੱਕ ਪੁਚਾਉਣ ਦੀ ਗਾਰੰਟੀ ਦੇ ਰਹੇ ਹਨ, ਜਦ ਕਿ ਪੰਜਾਬ ਸਰਕਾਰ ਚੁੱਪ ਹੈ।

ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੁਸ਼ੀਲ ਗੁਪਤਾ ਦੇ ਬਿਆਨ ਨੂੰ ਹੈਰਾਨ ਕਰਨ-ਵਾਲਾਦੱਸਦੇ ਹੋਏ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹਰਿਆਣਾ ਮੂਲ ਦਾ ਦਿੱਲੀ ਦਾ ਇਹ ਪਾਰਲੀਮੈਂਟ ਮੈਂਬਰ ਇਹ ਗਾਰੰਟੀ ਓਦੋਂ ਦੇ ਸਕਦਾ ਸੀ, ਜੇ ਉਸ ਨੂੰ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇਇਹ ਕਹਿਣ ਲਈ ਅਧਿਕਾਰ ਦਿੱਤਾ ਹੋਵੇ। ਉਨ੍ਹਾਂ ਪੁੱਛਿਆ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਬਾਰੇਪਾਰਟੀ ਨੇ ਭਰੋਸੇ ਵਿੱਚ ਲਿਆ ਜਾਂ ਨਹੀਂ।ਡਾ: ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਕਦੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਕੇ ਹਰਿਆਣਾਵਿੱਚ ਚੋਣ-ਲਾਭਨਹੀਂ ਲੈਣ ਦੇਣਗੇ।ਉਨ੍ਹਾ ਕਿਹਾ ਕਿ ਜਾਪਦਾ ਹੈ ਕਿ ਇਹ ਪਾਰਟੀ ਕਰੋੜਾਂ ਪੰਜਾਬੀਆਂ ਨਾਲ ਧੋਖਾ ਕਰ ਸਕਦੀ ਹੈ,ਜਿਨ੍ਹਾਂ ਨੇ ਭਾਰੀ ਫਤਵੇ ਨਾਲਇਸ ਦੇ 92 ਵਿਧਾਇਕ ਜਿਤਾਏ ਹਨ। ਉਨ੍ਹਾਂ ਕਿਹਾ ਕਿ ਜਿੱਤ ਦੇਇੱਕ ਮਹੀਨੇ ਪਿੱਛੋਂ ਇਹ ਪਾਰਟੀਕਹਿ ਰਹੀ ਹੈ ਕਿ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇ ਦੇਵੇਗੀ।

# ਪੰਜਾਬ ਵਿੱਚ ਕੋਵਿਡ ਰੀਵਿਊ ਮੀਟਿੰਗ ਪਿੱਛੋਂ ਫਿਰ ਪਾਬੰਦੀਆਂ ਲੱਗਣ ਦੇ ਚਰਚੇ

* ਸਰਕਾਰ ਨੇ ਕਿਹਾ: ਅਜੇ ਇਹੋ ਜਿਹੀ ਕੋਈ ਗੱਲ ਨਹੀਂ * ਕੇਂਦਰੀ ਹੋਮ ਸੈਕਟਰੀ ਵੱਲੋਂ ਕੋਰੋਨਾ ਬਾਰੇ ਪੰਜ ਰਾਜਾਂ ਨੂੰ ਚਿੱਠੀ



ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)-ਪੰਜਾਬ ਸਮੇਤ ਸਾਰੇ ਭਾਰਤਵਿੱਚ ਕੋਰੋਨਾ ਦੇ ਕੇਸਵਧਦੇ ਦੇਖ ਕੇ ਪੰਜਾਬ ਸਰਕਾਰ ਨੇ ਅੱਜ ਇੱਕ ਕੋਵਿਡ ਰੀਵਿਊ ਮੀਟਿੰਗ ਕੀਤੀ ਸੀ, ਜਿਸ ਦੇ ਬਾਅਦ ਇਹ ਚਰਚੇ ਸ਼ੁਰੂ ਹੋ ਗਏ ਸਨ ਕਿ ਪੰਜਾਬ ਵਿੱਚ ਫਿਰ ਪਾਬੰਦੀਆਂ ਲੱਗ ਸਕਦੀਆਂ ਹਨ। ਰਾਜ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਅਜੇ ਇਸ ਤਰ੍ਹਾਂ ਦੀ ਕੋਈ ਯੋਜਨਾ ਨਹੀਂ ਅਤੇ ਇਹ ਸਥਿਤੀ ਨਹੀਂ ਬਣੀ ਕਿ ਪਾਬੰਦੀਆਂ ਦੀ ਲੋੜ ਪਵੇ।

ਇਸ ਦੌਰਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਵਿਜੇ ਸਿੰਗਲਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਕੋਵਿਡ ਬਾਰੇ ਸੀ, ਪਰ ਪੰਜਾਬ ਵਿੱਚ ਕੋਰੋਨਾ ਦੇ ਅਜੇ ਬਹੁਤੇ ਕੇਸ ਨਹੀਂ, ਸਿਰਫ 0.5 ਫੀਸਦੀ ਐਕਟਿਵ ਕੇਸ ਹਨ, ਇਸ ਲਈ ਅੱਜ ਦੀ ਮੀਟਿੰਗ ਵਿੱਚ ਕੋਈ ਨਵੀਂ ਪਾਬੰਦੀ ਨਹੀਂ ਲਾਈ ਗਈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ ਦੇ ਨਿਯਮਾਂ ਦਾ ਦਾ ਧਿਆਨ ਰੱਖਣ, ਮਾਸਕ ਪਹਿਨਣ ਅਤੇ ਭੀੜ ਵਾਲੇ ਇਲਾਕਿਆਂਵਿੱਚਬਹੁਤਾ ਨਾ ਜਾਣ।

ਵਰਨਣ ਯੋਗ ਹੈ ਕਿ ਪੰਜਾਬਵਿੱ-ਚਇੱਕ ਵਾਰ ਫਿਰ ਕੋਰੋਨਾ ਵਧਣ ਲੱਗਾ ਹੈ। ਸੋਮਵਾਰ ਅਚਾਨਕ 29 ਨਵੇਂ ਕੇਸ ਮਿਲੇ ਸਨ। ਕੋਰੋਨਾ ਕੇਸਾਂਵਿੱਚ ਇਹ ਵਾਧਾ ਬੀਤੇ 2 ਦਿਨਾਂਵਿੱਚ ਹੋਇਆ ਹੈ। 17 ਅਪ੍ਰੈਲ ਨੂੰ ਪੰਜਾਬਵਿੱਚ 55 ਐਕਟਿਵ ਕੇਸ ਸਨ, ਜੋ 18 ਅਪ੍ਰੈਲ ਸ਼ਾਮ ਤਕ ਵਧ ਕੇ 75 ਹੋ ਗਏ। ਪੰਜਾਬ ਦੇ ਚਾਰ ਜ਼ਿਲਿਆਂਵਿੱਚ ਕੋਰੋਨਾ ਕੇਸਾਂਵਿੱਚ ਉਛਾਲਾ ਆਇਆ ਹੈ। ਸੋਮਵਾਰ ਨੂੰ ਹੁਸ਼ਿਆਰਪੁਰਵਿੱਚ 10, ਲੁਧਿਆਣਾਵਿੱਚ 6, ਜਲੰਧਰ ਅਤੇ ਮੋਹਾਲੀਵਿੱਚ 4-4 ਕੇਸ ਮਿਲੇ ਹਨ। ਕੋਰੋਨਾ ਦੀ ਸ਼ੁਰੂਆਤ ਤੋਂ ਅੱਜ ਤਕ ਪੰਜਾਬਵਿੱਚ 17,743 ਮੌਤਾਂ ਹੋਈਆਂ ਹਨ।

ਦੂਸਰੇ ਪਾਸੇ ਸਾਰੇ ਦੇਸ਼ਵਿੱਚ ਕੋਰੋਨਾ ਦੇ ਕੇਸ ਤੇਜ਼ੀ ਨਾਲ ਵਧਣ ਲੱਗੇ ਹਨ।ਦਿੱਲੀ-ਐੱਨ ਸੀ ਆਰ ਸਮੇਤ ਕਈ ਰਾਜਾਂਵਿੱਚ ਕੋਵਿਡ ਦੇ ਕੇਸਾਂਵਿੱਚ ਤੇਜ਼ੀ ਆਈ ਹੈ। ਇਸ ਕਾਰਨ ਕੇਂਦਰੀ ਗ੍ਰਹਿ ਸੈਕਟਰੀ ਰਾਜੇਸ਼ ਭੂਸ਼ਣ ਨੇ ਪੰਜ ਰਾਜਾਂਉੱਤਰ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ, ਮਿਜ਼ੋਰਮ ਅਤੇ ਦਿੱਲੀ ਦੇ ਚੀਫਸੈਕਟਰੀਆਂ ਨੂੰ ਇੱਕ ਪੱਤਰ ਲਿਖ ਕੇ ਕੋਵਿਡ ਦੀ ਬਿਮਾਰੀ ਕਾਬੂ ਵਿੱਚ ਰੱਖਣ ਬਾਰੇ ਜ਼ਰੂਰੀ ਨਿਰਦੇਸ਼ ਜਾਰੀ ਕਰਨ ਨੂੰ ਕਿਹਾ ਹੈ।

ਓਧਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕੋਰੋਨਾ ਦੇ ਵਧਦੇ ਕੇਸਾਂਕਾਰਨ ਕਈ ਜ਼ਿਲ੍ਹਿਆਂਵਿੱਚਇੱਕ ਵਾਰ ਫਿਰ ਮਾਸਕ ਪਹਿਨਣਾ ਲਾਜ਼ਮੀ ਕਰ ਦਿੱਤਾ ਹੈ।ਉਨ੍ਹਾਂ ਨੇ ਨੋਇਡਾ, ਗਾਜ਼ੀਆਬਾਦ, ਮੇਰਠ ਸਮੇਤ ਕਈ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਫਸਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਵੀ ਦਿੱਲੀ ਐੱਨ ਸੀ ਆਰ ਖੇਤਰਵਿੱਚ ਮਾਸਕ ਪਹਿਨਣਾ ਲਾਜ਼ਮੀ ਕਰ ਦਿੱਤਾ ਅਤੇ ਚੰਡੀਗੜ੍ਹ ਦੇ ਸਿਹਤ ਵਿਭਾਗ ਨੇ ਵੀ ਜਨਤਕ ਥਾਵਾਂ ਉੱਤੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਹੈ।

# ਜਹਾਂਗੀਰਪੁਰੀ ਹਿੰਸਾ ਵਿਚ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਪੰਜ ਦੋਸ਼ੀਆਂ ਦੇ ਵਿਰੁੱਧ ਕੌਮੀ ਸੁਰੱਖਿਆ ਕਾਨੂੰਨ ਲਾਗੂ ਕੀਤਾ





ਨਵੀਂ ਦਿੱਲੀ, 19 ਅਪਰੈਲ, (ਪੋਸਟ ਬਿਊਰੋ)-ਦਿੱਲੀ ਦੇ ਜਹਾਂਗੀਰਪੁਰੀ ਹਿੰਸਾ ਕੇਸ ਦੇ 5 ਦੋਸ਼ੀਆਂ ਉੱਤੇਦਿੱਲੀ ਪੁਲਸ ਨੇ ਅੱਜ ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਦੇ ਵਿਰੁੱਧਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਲਾਗੂ ਕਰ ਦਿੱਤਾ ਹੈ। ਪੁਲਿਸ ਨੇ ਹਿੰਸਾ ਦੇ ਇੱਕ ਪ੍ਰਮੁੱਖ ਦੋਸ਼ੀ ਗੁਲਾਮ ਰਸੂਲ ਉਰਫ ਗੁੱਲੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਉੱਤੇਗੋਲੀ ਚਲਾਉਣ ਵਾਲੇ ਸੋਨੂੰ ਸ਼ੇਖ ਨੂੰ ਹਥਿਆਰ ਪੁਚਾਉਣ ਦਾ ਦੋਸ਼ ਹੈ। ਸੋਨੂੰ ਸ਼ੇਖ ਨੂੰ ਪੁਲਿਸ ਉੱਤੇ ਗੋਲੀ ਦਾਗਣ ਦੇ ਦੋਸ਼ਵਿੱਚ ਫੜਿਆ ਸੀ ਅਤੇ ਉਸ ਦੀ ਨਿਸ਼ਾਨਦੇਹੀ ਉੱਤੇ ਹੋਰ ਲੋਕ ਫੜੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਦਿੱਲੀ ਦੇ ਜਹਾਂਗੀਰਪੁਰੀ ਇਲਾਕੇਵਿੱਚ ਹਨੂੰਮਾਨ ਜਯੰਤੀ ਮੌਕੇ ਉੱਤੇਹਿੰਸਾ ਹੋਈ ਅਤੇ ਉਸ ਦੇ ਬਾਅਦ ਦਿੱਲੀ ਪੁਲਸ ਕਾਫੀ ਸਖਤੀ ਕਰ ਰਹੀ ਹੈ। ਇਸ ਹਿੰਸਾ ਦੀ ਜਾਂਚ ਦੇ ਦੌਰਾਨਦਿੱਲੀ ਪੁਲਿਸ ਨੂੰ ਸਥਾਨਕ ਪੱਧਰ ਉੱਤੇ ਕਈ ਕਈ ਸੂਚਨਾਵਾਂ ਮਿਲੀਆਂ ਤੇ ਇਸਦੇ ਵੀਡੀਓ ਫੁਟੇਜ ਮਿਲਾ ਕੇ ਦੋਸ਼ੀਆਂ ਨੂੰ ਫੜਿਆ ਗਿਆ ਹੈ।ਇਸ ਪਿੱਛੋਂ ਜਹਾਂਗੀਰਪੁਰੀਦੀ ਹਿੰਸਾ ਉੱਤੇ ਸਖਤ ਰੁਖ ਧਾਰਨ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਦਿੱਲੀ ਪੁਲਿਸ ਦੇ ਅਫਸਰਾਂ ਨੂੰ ਦੋਸ਼ੀਆਂ ਖਿਲਾਫ ਸਖਤ ਤੇ ਮਿਸਾਲੀ ਕਾਰਵਾਈ ਕਰਨ ਦੇ ਹੁਕ-ਮਦਿੱਤੇ ਹਨ ਤਾਂ ਜੋ ਇਹ ਕੁਝਫਿਰ ਨਾ ਹੋਵੇ। ਦਿੱਲੀ ਪੁਲਸ ਨੇ ਜਾਂਚਵਿੱਚ ਦੋ ਨਾਬਾਲਗਾਂ ਸਮੇਤ ਕੁੱਲ 26 ਲੋਕਾਂ ਨੂੰ ਗ੍ਰਿਫਤਾਰ ਕੀਤਾ ਤੇ ਕੁਝ ਮੁਲਜ਼ਮਾਂ ਦਾ ਪੁਲਿਸ ਰਿਮਾਂਡ ਲਿਆ ਹੈ, ਜਿਨ੍ਹਾਂ ਕੋਲੋਂ ਪੁੱਛਗਿੱਛ ਜਾਰੀ ਹੈ।ਇਸ ਬਾਰੇ ਦਿੱਲੀ ਪੁਲਿਸ ਕਮਿਸ਼ਨਰ ਰਾਕੇਸ਼ ਅਸਥਾਨਾ ਨੇ ਸੋਮਵਾਰ ਕਿਹਾ ਸੀ ਕਿ ਹਿੰਸਾ ਦੀ ਜਾਂਚ ਕ੍ਰਾਈਮ ਬ੍ਰਾਂਚ ਨੂੰ ਸੌਂਪੀ ਹੈ ਅਤੇ ਇਸ ਲਈ 14 ਟੀਮਾਂ ਬਣਾਈਆਂ ਹਨ। ਹਿੰਸਾ ਪਿੱਛੇ ਦੋਸ਼ੀਆਂ ਪਛਾਣ ਕਰਨ ਲਈ ਪੁਲਸ 200 ਤੋਂ ਵੱਧ ਵੀਡੀਓਜ਼ ਵੇਖ ਰਹੀ ਹੈ ਅਤੇ ਸਥਿਤੀ ਕਾਬੂ ਰੱਖਣ ਲਈ 500 ਤੋਂ ਵੱਧ ਪੁਲਿਸ ਮੁਲਾਜ਼ਮ ਤੇ ਪੈਰਾ ਮਿਲਟਰੀ ਫੋਰਸਾਂ ਦੀਆਂ ਛੇ ਕੰਪਨੀਆਂ 24 ਘੰਟੇ ਖੇਤਰ ਵਿੱਚ ਤਾਇਨਾਤ ਹਨ, ਜਿਨ੍ਹਾਂ ਨਾਲ ਅੱਥਰੂ ਗੈਸ ਟੀਮਾਂ ਅਤੇ ਵਾਟਰ ਕੈਨਨ ਟੀਮਾਂ ਵੀ ਲਾਈਆਂ ਗਈਆਂ ਹਨ।

ਅੱਜ ਇਸ ਹਿੰਸਾ ਲਈ ਗ੍ਰਿਫਤਾਰ ਕੀਤੇ ਗਏ ਕੁਝ ਦੋਸ਼ੀਆਂ ਉੱਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ ਐੱਸ ਏ) ਲਾਗੂ ਕਰਨ ਪਿੱਛੋਂ ਸਰਕਾਰ ਦੇ ਸਖਤ ਰੁਖ ਤੋਂ ਸਾਫ ਹੈ ਕਿ ਅਗਲੇ ਦਿਨੀਂ ਹੋਰ ਸਖਤੀ ਹੋ ਸਕਦੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



# ਯੋਗੀ ਆਦਿੱਤਿਆਨਾਥ ਵੱਲੋਂ ਹੁਕਮ, ਯੂ ਪੀ ਵਿੱਚ ਸ਼ੋਭਾ ਯਾਤਰਾ ਤੇ ਧਾਰਮਿਕ ਜਲੂਸ ਬਿਨਾਂ ਇਜਾਜ਼ਤ ਨਹੀਂ ਕੱਢੇ ਜਾਣਗੇ

ਲਖਨਊ, 19 ਅਪਰੈਲ, (ਪੋਸਟ ਬਿਊਰੋ)-ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਅਗਲੇ ਹਫਤੇ ਦੇ ਦੌਰਾਨ ਈਦ ਦੇ ਤਿਓਹਾਰ ਅਤੇ ਅਕਸ਼ੈ ਤ੍ਰਿਤੀਆ ਦੇ ਇੱਕੋ ਦਿਨ ਆਉਣ ਅਤੇ ਅਗਲੇ ਦਿਨੀਂ ਕਈ ਹੋਰ ਮਹੱਤਵਪੂਰਨ ਧਾਰਮਿਕ ਤਿਓਹਾਰਾਂਦਾ ਆਉਣ ਦੇਖਦੇ ਹੋਏ ਨਿਰਦੇਸ਼ ਦਿੱਤਾ ਹੈ ਕਿ ਸ਼ੋਭਾਯਾਤਰਾ/ਧਾਰਮਿਕ ਜਲੂਸ ਰਸਮੀ ਇਜਾਜ਼ਤ ਦੇ ਬਿਨਾ ਨਹੀਂ ਕੱਢੇ ਜਾਣਗੇ। ਉਨ੍ਹਾਂ ਨੇ ਕਿਹਾਕਿ ਇਸ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਇਨ੍ਹਾਂ ਪ੍ਰੋਗਰਾਮਾਂ ਦੇ ਪ੍ਰਬੰਧਕਾਂ ਤੋਂ ਸ਼ਾਂਤੀ-ਭਾਈਚਾਰਾ ਕਾਇਮ ਰੱਖਣ ਦੇ ਸਬੰਧਵਿੱਚਐਫੀਡੇਵਿਟ ਲਿਆ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾਕਿ ਤਿਓਹਾਰਾਂ ਦੇ ਦੌਰਾਨ ਲਾਊਡਸਪੀਕਰ ਵਰਤਣਦੀ ਆਗਿਆ ਦਿੱਤੀ ਜਾ ਸਕਦੀ ਹੈ, ਪਰ ਇਹ ਯਕੀਨੀ ਕਰਨਾ ਹੋਵੇਗਾ ਕਿ ਉਸ ਦੀ ਆਵਾਜ਼ ਉਸ ਕੰਪਲੈਕਸ ਤੋਂ ਬਾਹਰ ਨਾ ਜਾਵੇ। ਉਨ੍ਹਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਨ੍ਹਾਂ ਪ੍ਰੋਗਰਾਮਾਂ ਨਾਲ ਦੂਸਰੇ ਲੋਕਾਂ ਨੂੰ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ ਅਤੇ ਨਵੇਂ ਸਮਾਗਮਾਂ ਤੇ ਨਵੇਂ ਧਾਰਮਿਕ ਸਥਾਨਾਂ ਉੱਤੇ ਲਾਊਡਸਪੀਕਰ ਲਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ।ਮੁੱਖ ਮੰਤਰੀ ਨੇ ਪੁਲਸ ਅਫਸਰਾਂ ਨਾਲ ਕਾਨੂੰਨ ਵਿਵਸਥਾ ਦੀ ਸਮੀਖਿਆ ਬੈਠਕਵਿੱਚ ਸਾਫ ਕਿਹਾ ਕਿ ਕਿਸੇ ਪ੍ਰੋਗਰਾਮ ਲਈ ਇਜਾਜ਼ਤ ਸਿਰਫ ਉਨ੍ਹਾਂ ਧਾਰਮਿਕ ਜਲੂਸਾਂ ਲਈਦਿੱਤੀ ਜਾਵੇ, ਜਿਹੜੇ ਰਵਾਇਤੀ ਹੋਣ, ਨਵੇਂ ਆਯੋਜਨਾ ਨੂੰ ਗੈਰ-ਜ਼ਰੂਰੀ ਇਜਾਜ਼ਤ ਨਾ ਦਿੱਤੀ ਜਾਵੇ ਤਾਂ ਕਿ ਅਮਨ-ਕਾਨੂੰਨ ਲਈ ਕੋਈ ਖਤਰਾ ਪੈਦਾ ਨਾ ਹੋਵੇ।

ਵਰਨਣ ਯੋਗ ਹੈ ਕਿ ਬੀਤੇ ਸ਼ਨੀਵਾਰ ਦਿੱਲੀ ਦੇ ਜਹਾਂਗੀਰਪੁਰੀ ਇਲਾਕੇਵਿੱਚ ਹਨੂੰਮਾਨ ਜਯੰਤੀ ਦੀ ਸ਼ੋਭਾ ਯਾਤਰਾ ਦੌਰਾਨ ਹੋਈ ਹਿੰਸਾ ਅਤੇ ਪਿਛਲੇ ਦਿਨੀਂ ਮੱਧ ਪ੍ਰਦੇਸ਼, ਝਾਰਖੰਡ, ਗੁਜਰ-ਾਤ ਤੇ ਪੱਛਮੀ ਬੰਗਾਲ ਵਿੱਚ ਰਾਮ ਨੌਮੀ ਦੇ ਜਲੂਸ ਦੌਰਾਨ ਹਿੰਸਾ ਹੋਣ ਦੀਆਂ ਘਟਨਾਵਾਂ ਦਾ ਧਿਆਨਰੱਖਦੇ ਹੋਏ ਯੋਗੀ ਆਦਿੱਤਿਆਨਾਥ ਨੇ ਉੱਤਰ ਪ੍ਰਦੇਸ਼ਵਿੱਚਸਭ ਤਰ੍ਹਾਂ ਦਾ ਤਣਾਅ ਰੋਕਣ ਅਤੇ ਮਜ਼ਬੂਤ ਕਾਨੂੰਨ ਵਿਵਸਥਾ ਕਾਇਮ ਰੱਖਣਉੱਤੇ ਜ਼ੋਰ ਦਿੱਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com





# ਵਿਧਾਇਕਾਂ ਦਾ ਕੰਮ-ਕਾਰ ਜਾਣਨ ਲਈ ਜੱਦੋਜਹਿਦ

–ਤਰਲੋਚਨ ਸਿੰਘ ਭੱਟੀ

ਭਾਰਤ ਦਾ ਸੰਵਿਧਾਨ ਜਿਊਂਦਾ-ਜਾਗਦਾ ਦਸਤਾਵੇਜ਼ ਹੈ। ਮੁੱਖਬੰਦ ਵਿੱਚ ਘੋਸ਼ਣਾ ਵਿੱਚ ਦਰਜ ਹੈ ਕਿ ਭਾਰਤ ਨੂੰ ਸਰਬ ਸ਼ਕਤੀਮਾਨ, ਸਮਾਜਵਾਦੀ ਅਤੇ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਬਣਾਉਣ ਸਾਰੇ ਨਾਗਰਿਕਾਂ ਨੂੰ ਸਮਾਜਕ, ਆਰਥਿਕ ਅਤੇ ਰਾਜਨੀਤਕ ਨਿਆਂ ਦੇਣ, ਵਿਚਾਰ ਪ੍ਰਗਟਾਉਣ ਅਤੇ ਧਾਰਮਿਕ ਪੂਜਾ ਪਾਠ ਦੀ ਆਜ਼ਾਦੀ, ਰੁਤਬੇ ਅਤੇ ਮੌਕਿਆਂ ਦੀ ਬਰਾਬਰੀ ਨਾਲ ਆਪਸੀ ਭਾਈਚਾਰਾ, ਵਿਅਕਤੀਗਤ ਗੌਰਵ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਯਕੀਨੀ ਬਣਾਉਣਾ ਸੰਵਿਧਾਨਕ ਫਰਜ਼ ਹੈ। ਸੰਵਿਧਾਨ ਦੀ ਘੋਸ਼ਣਾ, ਸਰਕਾਰਾਂ ਅਤੇ ਲੋਕਾਂ ਲਈ ਮਾਰਗਦਰਸ਼ਨ ਅਤੇ ਪ੍ਰੇਰਨਾ ਦਾ ਸਰੋਤ ਹੈ।ਸੰਵਿਧਾਨ ਅਨੁਸਾਰ ਭਾਰਤ ਨੂੰ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਬਣਾਉਣਦੇ ਮੁੱਖ ਸੂਤਰਧਾਰ ਭਾਰਤ ਦੇ ਲੋਕ ਹਨ, ਜੋ ਆਪਣੀ ਵੋਟ ਦੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਰਾਹੀਂ ਭਾਰਤ ਦੀ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਆਪਣੇ ਪ੍ਰਤੀਨਿਧ ਚੁਣ ਕੇ ਭੇਜਦੇ ਹਨ, ਜੋ ਦੇਸ਼ ਅਤੇ ਰਾਜਾਂ ਦੇ ਕਾਨੂੰਨ ਬਣਾਉਂਦੇ ਅਤੇ ਉਨ੍ਹਾਂ ਨੂੰ ਲਾਗੂ ਕਰਦੇ ਹਨ। ਇਨ੍ਹਾਂ ਕਾਨੂੰਨਾਂ ਵਿੱਚ ਇੱਕ ਮਹੱਤਵਪੂਰਨ ਕਾਨੂੰਨ 'ਸੂਚਨਾ ਦਾ ਅਧਿਕਾਰ ਕਾਨੂੰਨ 2005' ਵੀ ਸ਼ਾਮਲ ਹੈ, ਜੋ ਲੋਕਾਂ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਿਸੇ ਵੀ ਅਦਾਰੇ ਅਤੇ ਉਸ ਵਿੱਚ ਕੰਮ ਕਰਦੇ ਸਾਰੇ ਅਮਲੇ ਦੇ ਕੰਮਕਾਰ ਬਾਰੇ ਸੂਚਨਾ ਪ੍ਰਾਪਤ ਕਰ ਸਕਦੇ ਹਨ।

ਪੰਜਾਬ ਦੇ ਵੋਟਰ ਹੋਣ ਦੇ ਨਾਤੇ ਅਸੀਂ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਅਤੇ ਉਨ੍ਹਾਂ ਵੱਲੋਂ ਸਰਕਾਰੀ ਖਜ਼ਾਨੇ ਵਿੱਚੋਂ ਪ੍ਰਾਪਤ ਤਨਖਾਹ, ਪੈਨਸ਼ਨ ਅਤੇ ਹੋਰ ਬੇਸ਼ੁਮਾਰ ਸਹੂਲਤਾਂ ਬਾਰੇ ਜਾਣ ਸਕੀਏ। ਸਾਡੇ ਵੱਲੋਂ ਬਤੌਰ ਪੰਜਾਬ ਦੇ ਵੋਟਰ, ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ 26 ਜੁਲਾਈ 2016 ਨੂੰ ਪੱਤਰ ਲਿਖ ਕੇ ਸੁਝਾਅ ਦਿੱਤਾ ਗਿਆ ਕਿ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਜ ਜਾਣਨ ਲਈ ਵਿਧਾਨ ਸਭਾ ਦੀ ਵੈੱਬਸਾਈਟ ਉਤੇ ਹਰ ਮਹੀਨੇ ਹਰੇਕ ਵਿਧਾਇਕ ਦੀ ਕਾਰਗੁਜ਼ਾਰੀ ਨੂੰ ਮਿੱਥੇ ਫਾਰਮੈਟ ਉਤੇ 'ਵਿਧਾਇਕ ਮਾਸਿਕ ਰਿਪੋਰਟ ਕਾਰਡ' ਸਿਰਲੇਖ ਤਹਿਤ ਅਪਲੋਡ ਕੀਤਾ ਜਾਵੇ। ਅਜਿਹਾ ਹੀ ਸੁਝਾਅ ਅਸੀਂ ਵੀਹ ਸਤੰਬਰ 2016 ਨੂੰ ਸੈਕਟਰੀ, ਪਾਰਲੀਮਾਨੀਮਾਮਲੇ ਵਿਭਾਗ, ਪੰਜਾਬ ਸਰਕਾਰ ਨੂੰ ਦਿੱਤਾ ਸੀ (ਸਮੇਤ ਫਾਰਮੈਟ) ਅਤੇ ਇਸੇ ਤਰ੍ਹਾਂ 12 ਦਸੰਬਰ 2017 ਨੂੰ ਓਦੋਂ ਦੇ ਕੈਬਨਿਟ ਮੰਤਰੀ, ਪਾਰਲੀਮਾਨੀ ਵਿਭਾਗ, ਪੰਜਾਬ ਸਰਕਾਰ ਨੂੰ ਵੀ ਪੱਤਰ ਲਿਖਿਆ ਗਿਆ।

ਸੈਕਟਰੀ, ਪੰਜਾਬ ਵਿਧਾਨ ਸਭਾ ਨੇ ਦੋ ਨਵੰਬਰ 2016 ਨੂੰ ਜਾਰੀ ਆਪਣੇ ਪੱਤਰ ਰਾਹੀਂ ਦੱਸਿਆ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਜ ਦਾ ਕੋਈ ਰਿਪੋਰਟ ਕਾਰਡ ਨਹੀਂ ਬਣਾਇਆ ਜਾਂਦਾ। ਆਪਣੇ ਪੱਤਰ 26 ਅਕਤੂਬਰ 2016 ਰਾਹੀਂ ਸੈਕਟਰੀ, ਪੰਜਾਬ ਵਿਧਾਨ ਸਭਾ ਨੇਸੈਕਟਰੀ, ਪਾਰਲੀਮਾਨੀ ਮਾਮਲੇ ਵਿਭਾਗ ਨੂੰ ਲਿਖਿਆ ਕਿ ਵਿਧਾਨ ਸਭਾ ਵੱਲੋਂ ਵਿਧਾਇਕਾਂ ਦਾ ਮਾਸਿਕ ਰਿਪੋਰਟ ਕਾਰਡ ਨਹੀਂ ਬਣਾਇਆ ਜਾਂਦਾ, ਪੰਜਾਬ ਸਰਕਾਰ ਇਸ ਬਾਰੇ ਫੈਸਲਾ ਆਪਣੇ ਪੱਧਰ ਉਤੇ ਕਰੇ। ਸੈਕਟਰੀ, ਪਾਰਲੀਮਾਨੀ ਮਾਮਲੇ ਵਿਭਾਗ ਨੇ ਆਪਣੇ ਪੱਤਰ ਅੱਠ ਜਨਵਰੀ 2018 ਰਾਹੀਂ ਦੱਸਿਆ ਕਿ ਕਿ ਪੰਜਾਬ ਸਰਕਾਰ ਨੇ ਸਾਡਾ ਸੁਝਾਅ ਨੋਟ ਕਰ ਲਿਆ ਹੈ ਅਤੇ ਭਵਿੱਖ ਵਿੱਚ ਇਸ ਉਤੇ ਅਮਲ ਕਰਨ ਲਈ ਕੰਮ ਕੀਤਾ ਜਾਵੇਗਾ। ਇਸ ਖਤੋਖਿਤਾਬਤ ਤੋਂ ਸਾਨੂੰ ਲੱਗਾ ਕਿ ਵਿਧਾਇਕਾਂ ਦੇ ਕੰਮਕਾਰ ਨੂੰ ਜਾਣਨ ਲਈ ਸਾਨੂੰ ਅਜੇ ਹੋਰ ਜੱਦੋਜਹਿਦ ਕਰਨੀ ਪਵੇਗੀ। ਅਸੀਂ ਸੱਤ ਅਗਸਤ 2021 ਨੂੰ ਆਪਣੇ ਕਾਨੂੰਨੀ ਸਲਾਹਕਾਰ ਰਾਹੀਂ ਸੈਕਟਰੀ, ਪੰਜਾਬ ਵਿਧਾਨ ਸਭਾ ਨੂੰ ਇੱਕ ਕਾਨੂੰਨੀ ਨੋਟਿਸ ਭੇਜਿਆ ਕਿ ਸੈਕਟਰੀ, ਪੰਜਾਬ ਵਿਧਾਨ ਸਭਾ ਇਹ ਯਕੀਨੀ ਬਣਾਉਣ ਕਿ ਸੂਚਨਾ ਦਾ ਅਧਿਕਾਰ ਕਾਨੂੰਨ 2005 ਦੇ ਸੈਕਸ਼ਨ ਚਾਰ ਰਾਹੀਂ ਬਤੌਰ ਪਬਲਿਕ ਅਥਾਰਟੀ ਉਹ ਪਾਬੰਦ ਹਨ ਕਿ ਪੰਜਾਬ ਦੇ ਸਾਰੇ ਵਿਧਾਇਕਾਂ, ਜੋ ਲੋਕਾਂ ਦੇ ਸੇਵਕ ਹਨ, ਦੀ ਕਾਰਗੁਜ਼ਾਰੀ ਨੂੰ ਮਿੱਥੇ ਫਾਰਮੈਟ ਵਿੱਚ ਹਰ ਮਹੀਨੇ ਸਵੈ-ਘੋਸ਼ਣਾ ਕਰਦੇ ਹੋਏ ਵਿਧਾਨ ਸਭਾ ਦੀ ਵੈਬਸਾਈਟੇ ਉਤੇ ਅਪਲੋਡ ਕਰਨਾ ਯਕੀਨੀ ਬਣਾਉਣ। ਸਾਨੂੰ ਇਸ ਕਾਨੂੰਨੀ ਨੋਟਿਸ ਦਾ ਕੋਈ ਜਵਾਬ ਨਹੀਂ ਆਇਆ। ਆਪਣੇ ਕਾਨੂੰਨੀ ਸਲਾਹਕਾਰ ਰਾਹੀਂ 20 ਸਤੰਬਰ 2021 ਨੂੰ ਅਸੀਂ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਇਸ ਸੰਬੰਧ ਵਿੱਚ ਦਸਤਾਵੇਜ਼ੀ ਸਬੂਤਾਂ ਸਮੇਤ ਸ਼ਿਕਾਇਤ ਕੀਤੀ ਕਿ ਸੈਕਟਰੀ, ਪੰਜਾਬ ਵਿਧਾਨ ਸਭਾ ਵਿਧਾਇਕਾਂ ਦੀ ਕਾਰਗੁਜ਼ਾਰੀ ਨੂੰ ਲੋਕਾਂ ਨਾਲ ਸਾਂਝੀ ਨਹੀਂ ਕਰ ਰਹੇ, ਜਿਸ ਲਈ ਉਹ ਸੂਚਨਾ ਦਾ ਅਧਿਕਾਰ ਕਾਨੂੰਨ ਅਧੀਨ ਕਾਨੂੰਨਨ ਪਾਬੰਦ ਹਨ। ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਸਾਡੀ ਸ਼ਿਕਾਇਤ ਉਤੇ ਕੋਈ ਕਾਰਵਾਈ ਨਹੀਂ ਕੀਤੀ।

20 ਨਵੰਬਰ 2021 ਨੂੰ ਅਸੀਂ ਆਪਣੇ ਕਾਨੂੰਨੀ ਸਲਾਹਕਾਰ ਰਾਹੀਂ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਨੰਬਰ 24142 ਸਾਲ 2021 ਦਰਜ ਕਰਵਾਈ, ਜਿਸ ਵਿੱਚ ਪੰਜਾਬ ਰਾਜ ਸੂਚਨਾ ਕਮਿਸ਼ਨ, ਪੰਜਾਬ ਵਿਧਾਨ ਸਭਾ ਤੇ ਪਾਰਲੀਮਾਨੀ ਵਿਭਾਗ, ਪੰਜਾਬ ਸਰਕਾਰ ਨੂੰ ਧਿਰ ਬਣਾਇਆ। ਅਦਾਲਤ ਨੂੰ ਅਸੀਂ ਬੇਨਤੀ ਕੀਤੀ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਯੋਗ ਹੁਕਮ ਜਾਰੀ ਕੀਤੇ ਜਾਣ ਕਿ ਉਹ ਸਾਡੀ ਸ਼ਿਕਾਇਤ ਨੂੰ ਦਰਜ ਕਰ ਕੇ ਸੁਣਵਾਈ ਕਰੇ। ਹਾਈ ਕੋਰਟ ਨੇ ਸਾਡੀ ਰਿੱਟ ਪਟੀਸ਼ਨ ਦੀ 23 ਦਸੰਬਰ 2021 ਨੂੰ ਸੁਣਵਾਈ ਕੀਤੀ ਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਆਦੇਸ਼ ਦਿੱਤੇ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਸੂਚਨਾ ਦਾ ਅਧਿਕਾਰ ਕਾਨੂੰਨ 2005 ਦੀਆਂ ਸੰਬੰਧਤ ਧਾਰਾਵਾਂ ਅਧੀਨ ਤੈਅ ਸਮੇਂ ਵਿੱਚ ਸਾਡੀ ਸ਼ਿਕਾਇਤ ਦਾ ਨਿਪਟਾਰਾ ਕਰਨ। ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਮੁੱਖ ਸੂਚਨਾ ਕਮਿਸ਼ਨਰ ਨੇ ਸੰਬੰਧਤ ਧਿਰਾਂ ਦੀ ਹਾਜ਼ਰੀ ਵਿੱਚ 29 ਮਾਰਚ 2022 ਨੂੰ ਸਾਡੀ ਸ਼ਿਕਾਇਤ ਦੀ ਸੁਣਵਾਈ ਕੀਤੀ। ਉਨ੍ਹਾਂ ਨੇ ਆਪਣੇ ਫੈਸਲੇ 29 ਮਾਰਚ 2022 ਰਾਹੀਂ ਸੈਕਟਰੀ, ਪੰਜਾਬ ਵਿਧਾਨ ਨੂੰ ਸਾਡੇ ਤਿ ਸੁਝਾਅ (ਮਿੱਥੇ ਫਾਰਮੈਟ ਵਿੱਚ ਪੰਜਾਬ ਦੇ ਵਿਧਾਇਕਾਂ ਵੱਲੋਂ ਸੂਚਨਾ ਦਾ ਅਧਿਕਾਰ ਕਾਨੂੰਨ ਅਨੁਸਾਰ ਹਰ ਮਹੀਨੇ ਹਰ ਵਿਧਾਇਕ ਵੱਲੋਂ ਕੀਤੇ ਕੰਮਕਾਰ ਅਤੇ ਸਰਕਾਰੀ ਖਜ਼ਾਨੇ ਵਿੱਚੋਂ ਪ੍ਰਾਪਤ ਰਾਸ਼ੀ ਦੇ ਵੇਰਵੇ ਦੀ ਸਵੈ-ਘੋਸ਼ਣਾ ਕਰਨੀ) ਨਾਲ ਸਹਿਮਤ ਹੁੰਦੇ ਹੋਏ ਸੈਕਟਰੀ, ਪੰਜਾਬ ਵਿਧਾਨ ਸਭਾ ਨੂੰ ਤਾਕੀਦ ਕੀਤੀ ਕਿ ਲੋਕ ਹਿੱਤ ਵਿੱਚ ਸਾਡੀ ਸਲਾਹ ਨੂੰ ਘੋਖਣ ਤੇ ਇਸ ਬਾਰੇ ਵਿਚਾਰ-ਵਟਾਂਦਰਾ ਕਰ ਕੇ ਲਾਗੂ ਕਰਨ।

ਪੰਜਾਬ ਦੇ ਵਿਧਾਇਕਾਂ ਦੇ ਕੰਮਕਾਜ ਜਾਣਨ ਦੀ ਸਾਡੀ ਜੱਦੋਜਹਿਦ ਪੰਜਾਬ ਵਿਧਾਨ ਸਭਾ ਤੋਂ 2016 ਵਿੱਚ ਸ਼ੁਰੂ ਹੋਈ ਸੀ। ਪੰਜਾਬ ਹਰਿਆਣਾ ਹਾਈ ਕੋਰਟ ਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਤੋਂ ਹੁੰਦੀ ਹੋਈ ਮੁੜ 2022 ਵਿੱਚ ਪੰਜਾਬ ਵਿਧਾਨ ਸਭਾ ਪਹੁੰਚ ਗਈ ਹੈ। ਜ਼ਰੂਰਤ ਹੈ, ਪੰਜਾਬ ਦੇ ਵਿਧਾਇਕ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਸਮਝਦੇ ਹੋਏ ਸੂਚਨਾ ਦੇ ਅਧਿਕਾਰ ਕਾਨੂੰਨ ਹੇਠ ਆਪਣੇ ਕੰਮਕਾਰ ਅਤੇ ਸਰਕਾਰੀ ਖਜ਼ਾਨੇ ਵਿੱਚੋਂ ਹਰ ਮਹੀਨੇ ਪ੍ਰਾਪਤ ਤਨਖਾਹ, ਪੈਨਸ਼ਨ ਅਤੇ ਹੋਰ ਲਾਭਾਂ ਬਾਰੇ ਮਿੱਥੇ ਫਾਰਮੈੱਟ ਵਿੱਚ ਸਵੈ-ਘੋਸ਼ਣਾ ਕਰ ਕੇ ਸੈਕਟਰੀ, ਪੰਜਾਬ ਵਿਧਾਨ ਸਭਾ ਨੂੰ ਹਰ ਮਹੀਨੇ ਦੱਸਣ, ਜੋ ਵਿਧਾਨ ਸਭਾ ਦੀ ਵੈਬਸਾਈਟ 'ਤੇ ਇਹ ਸੂਚਨਾ ਲੋਕਾਂ ਦੀ ਜਾਣਕਾਰੀ ਲਈ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਅਪਲੋਡ ਕਰਨਾ ਯਕੀਨੀ ਬਣਾਉਣ। 'ਸੂਚਨਾ ਦਾ ਅਧਿਕਾਰ' ਕਾਨੂੰਨ ਨੂੰ ਜਿਊਂਦਾ ਰੱਖਣ ਲਈ ਲੋਕਾਂ ਨੂੰ ਜੱਦੋਜਹਿਦ ਕਰਦੇ ਰਹਿਣਾ ਚਾਹੀਦਾ ਹੈ। ਸਾਡੀ ਜੱਦੋਜਹਿਦ ਵੀ ਜਾਰੀ ਰਹੇਗੀ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4



| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਮੈਡੀਕਲ ਮਾਫੀਆ ਦਾ ਦੁਸ਼ਮਣ: ਲੋਕਹਿਤਾਂ ਦਾ ਰਾਖਾ - ਡਾਕਟਰ ਹਰਮਨਪ੍ਰੀਤ ਸਿੰਘ



## ਸ਼ਖਸੀਅਤ, ਜਿਸ ਤੇ ਮਾਣ ਹੈ !

ਜੀਰੇ ਦੇ ਲਾਗੇ ਪਿੰਡ ਕੱਸੋਆਣਾ ਦੇ ਪਿਤਾ ਬੈਂਕ ਮੈਨੇਜਰ ਸਰਦਾਰ ਹਰਨੇਕ ਸਿੰਘ ਤੇ ਮਾਤਾ ਲੈਕਚਰਾਰ ਅਮਰਜੀਤ ਕੌਰ ਦੇ ਘਰ ਜਨਮ ਲੈਣ ਵਾਲਾ ਹਰਮਨਪ੍ਰੀਤ ਨਾਮ ਦਾ ਹੀ ਨਹੀਂ ਸੱਚ ਦਾ ਹੀ ਹਰਮਨਪ੍ਰੀਤ ਸਾਬਤ ਹੋਇਆ ਏ। ਹਰਮਨਪ੍ਰੀਤ ਜਿੱਥੇ ਬਚਪਨ ਤੋਂ ਹੀ ਪੜ੍ਹਾਈ 'ਚ ਬਹੁਤ ਹੁਸ਼ਿਆਰ ਸੀ, ਉੱਥੇ ਈ ਘਰ ਵਿੱਚ ਤਰਕਸ਼ੀਲ ਵਿਚਾਰਾਂ ਦੇ ਪ੍ਰਭਾਵ ਕਾਰਨ ਉਸਦੀ ਵਿਗਿਆਨ ਵਿੱਚ ਰੁੱਚੀ ਵੱਧਦੀ ਗਈ। ਛੋਟੇ ਹੁੰਦਿਆਂ ਹੀ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਤ ਸਾਹਿਤ ਤੇ ਕ੍ਰਾਂਤੀਕਾਰੀ ਮੇਲਿਆਂ ਵਿੱਚ ਸ਼ਮੂਲੀਅਤ ਕਰਨ ਕਾਰਨ ਆਮ ਲੋਕਾਂ ਵਿੱਚ ਆਏ ਸਮਾਜਿਕ ਤੇ ਆਰਥਿਕ ਪਾੜੇ ਦੇ ਦਰਦ ਨੇ ਉਸ ਨੂੰ ਧੁਰ-ਅੰਦਰ ਤੱਕ ਝਿੰਜੋੜ ਕੇ ਰੱਖ ਦਿੱਤਾ। ਮਹਾਨ ਗੁਰੂਆਂ ਦੀ ਸ਼ਹਾਦਤ ਬਾਰੇ ਜਾਣਕੇ ਤੇ 'ਨਿੱਕੀਆਂ ਜਿੰਦਾ, ਵੱਡੇ ਸਾਕੇ' ਵਰਗੇ ਮਹਾਨ ਕੁਰਬਾਨੀ ਸਮਾਗਮਾਂ ਵਿੱਚ ਜੋਸ਼ੀਲੇ ਗੀਤ ਗਾ ਕੇ ਸ਼ਮੂਲੀਅਤ ਕਰਨ ਤੋਂ ਬਾਅਦ ਹੋਲੀ-ਹੋਲੀ ਉਸਦੇ ਅੰਦਰ ਵੀ ਆਮ ਲੋਕਾਈ ਦੀ ਤਰਸਯੋਗ ਹਾਲਤ ਨੂੰ ਬਦਲਣ ਲਈ ਕੁੱਝ ਕਰਨ ਦੀ ਚੇਟਕ ਜਾਗ ਗਈ। ਹਰਮਨਪ੍ਰੀਤ ਨੇ ਸਖਤ ਮਿਹਨਤ ਕਰਦਿਆਂ ਡਾਕਟਰੀ ਦੇ ਔਖੇ ਕੋਰਸ ਐਮਬੀਬੀਐਸ ਵਿੱਚ ਦਾਖਲਾ ਹਾਸਲ ਕੀਤਾ। ਹਰਮਨਪ੍ਰੀਤ ਵਧੀਆ ਗਾਇਕ ਸੀ ਤੇ ਹੈ, ਉਸਨੇ ਕਾਲਜ 'ਚ ਜਿੱਥੇ ਕਈ ਗੀਤ ਮੁਕਾਬਲੇ ਜਿੱਤੇ 'ਤੇ ਉੱਥੇ ਈ ਉਸਦੇ ਰਿਲੀਜ਼ ਹੋਏ ਦੋ ਪੰਜਾਬੀ ਗੀਤ ਵੀ ਕਾਫੀ ਚਰਚਿਤ ਨੇ। ਮੈਡੀਕਲ ਕਾਲਜ 'ਚ ਹਰਮਨਪ੍ਰੀਤ ਨੂੰ ਸਿਰਫ ਡਾਕਟਰੀ ਦੀ ਡਿਗਰੀ ਹੀ ਨਹੀਂ ਮਿਲੀ ਸਗੋਂ ਉਸ ਵਾਂਗ ਈ ਆਮ ਲੋਕਾਈ ਦੇ ਦਰਦ ਤੋਂ ਪ੍ਰਭਾਵਿਤ ਨਾਲ ਡਾਕਟਰੀ ਕਰਦੀ ਸਿਰਫ ਤਨ ਤੋਂ ਈ ਨਹੀਂ ਮੰਨ੍ਹ ਤੋਂ ਵੀ ਬੇਹੱਦ ਖ਼ੂਬਸੂਰਤ 'ਤੇ ਹਮਖਿਆਲ ਸਪਨਾ ਡੋਗਰਾ ਵਰਗੀ ਸੁਹਿਰਦ ਤੇ ਸੁਘੜ-ਸਿਆਣੀ ਡਾਕਟਰ ਜੀਵਨਸਾਥਣ ਵੀ ਮਿਲੀ।

ਹਰਮਨਪ੍ਰੀਤ ਦੀ ਪੋਸਟਿੰਗ ਪਹਿਲਾਂ ਤਲਵੰਡੀ ਸਾਬੋ ਫੇਰ ਅਜਨਾਲਾ ਤੇ ਫੇਰ ਭਾਈ ਮੋਹਕਮ ਸਿੰਘ ਸਰਕਾਰੀ ਹਸਪਤਾਲ ਅਮ੍ਰਿਤਸਰ, ਜੋ ਬਹੁਤ ਵੱਡਾ ਹਸਪਤਾਲ ਏ ਉੱਥੇ ਏਮਰਜੰਸੀ 'ਚ ਹੋ ਗਈ। ਹਰਮਨਪ੍ਰੀਤ ਦੇ ਖ਼ੂਨ ਵਿੱਚ ਇਮਾਨਦਾਰੀ ਤੇ ਸਮਰਪਣ ਕੁਟ-ਕੁਟ ਕੇ ਭਰਿਆ ਹੈ। ਇਸ ਐਮਰਜੰਸੀ 'ਚ ਹਰਮਨਪ੍ਰੀਤ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦਾ ਪਰ ਇੱਥੇ ਭ੍ਰਿਸ਼ਟਾਚਾਰ ਤੇ ਰਾਜਨੀਤਕ ਦਬਾਅ ਕਾਰਨ ਇਸ ਇਮਾਨਦਾਰ ਡਾਕਟਰ ਨੂੰ ਸਿਸਟਮ ਤੋਂ 'ਤੇ ਸਿਸਟਮ ਨੂੰ ਡਾਕਟਰ ਹਰਮਨਪ੍ਰੀਤ ਤੋਂ ਦਿਕੱਤ ਹੋਣ ਲੱਗ ਪਈ ਦਰਅਸਲ ਸਰਕਾਰੀ ਐਮਰਜੰਸੀ 'ਚ ਜਿਆਦਾਤਰ ਕੇਸ ਆਪਸੀ ਲੜਾਈ-ਝਗੜਿਆਂ ਦੇ ਆਉਂਦੇ, ਫੇਰ ਰਾਜਨੀਤਕ ਲੋਕਾਂ ਦਾ ਪਰਚਾ ਬਣਾਉਣ ਜਾਂ ਰੱਦ ਕਰਾਉਣ ਲਈ ਦਬਾਅ ਤੇ ਰਿਸ਼ਵਤ ਦੇ ਖਾਂਚੇ 'ਚ ਹਰਮਨਪ੍ਰੀਤ ਵਰਗਾ ਬੰਦਾ ਫਿਟ ਨਹੀਂ ਆ ਸਕਦਾ ਸੀ। ਹਰਮਨਪ੍ਰੀਤ ਨੂੰ ਲੱਗਿਆ ਕਿ ਉਹ ਅਸਲ 'ਚ ਇੱਥੇ ਰਹਿ ਕੇ ਆਮ ਗਰੀਬ ਲੋਕਾਂ ਦੀ ਅਸਲ ਮਦਦ ਨਹੀਂ ਕਰ ਪਾ ਰਿਹਾ ਏ ਤੇ ਫੇਰ ਉਸਦੀ ਡਿਊਟੀ ਓਪੀਡੀ 'ਚ ਲੱਗ ਗਈ। ਹੁਣ ਹਰਮਨਪ੍ਰੀਤ ਨੂੰ ਆਪਣੀ ਅਸਲ ਜਗ੍ਹਾ ਹਾਸਲ ਹੋ ਗਈ, ਇੱਥੇ ਆਉਂਦਿਆਂ ਈ ਉਸਨੇ ਜਿੱਥੇ ਆਮ ਮਰੀਜ਼ਾਂ ਦੇ ਮੁਫ਼ਤ ਇਲਾਜ਼ ਲਈ ਵਾਹ ਲਾ ਦਿੱਤੀ, ਉੱਥੇ ਹੀ ਆਮ ਲੋਕਾਂ ਨੂੰ ਗਿਰਝਾਂ ਵਾਂਗ ਨੋਚ ਰਹੇ ਮੈਡੀਕਲ ਮਾਫੀਆ ਦੇ ਪਰਦੇ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ। ਉਸਨੇ ਆਪਣੀ ਡਿਊਟੀ ਨੂੰ ਸੇਵਾ 'ਚ ਈ ਤਬਦੀਲ ਕਰ ਦਿੱਤਾ ਤੇ ਆਪਣੇ ਸਰਕਾਰੀ ਓਪੀਡੀ ਦੇ ਬਾਹਰ ਪਰਚੀ ਚਿਪਕਾ ਦਿੱਤੀ ਕਿ ਇੱਥੇ ਬਾਹਰ ਦੀ ਦਵਾਈ ਨਹੀਂ ਲਿਖੀ ਜਾਂਦੀ।

ਜਿਹੜੀ ਦਵਾਈ ਸਰਕਾਰੀ ਹਸਪਤਾਲ ਨ੍ਹੀਂ ਹੁੰਦੀ, ਡਾਕਟਰ ਹਰਮਨਪ੍ਰੀਤ ਹਮੇਸ਼ਾ ਉਸ ਦਵਾਈ ਦਾ ਸਾਲਟ ਈ ਲਿਖਦਾ ਏ, ਬ੍ਰਾਂਡ ਨ੍ਹੀਂ ਲਿਖਦਾ। ਜਿਸ ਤੋਂ ਆਮ ਲੋਕਾਂ ਦੀ ਲੁੱਟ ਰੁਕਦੀ ਏ। ਡਾਕਟਰਾਂ ਦੇ ਮੈਡੀਕਲ ਤੇ ਲੈਬੋਰਟਰੀਆਂ ਆਲਿਆਂ ਨਾਲ ਕਮਿਸ਼ਨ ਅਧਾਰਿਤ ਗਠਜੋੜ ਨੂੰ ਤੋੜਨ ਲਈ ਹਰਮਨਪ੍ਰੀਤ ਨੇ ਸ਼ਰੇਆਮ ਆਮ ਲੋਕਾਂ ਵਿੱਚ ਵੀ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਜੈਨਰਿਕ ਦਵਾਈਆਂ ਦਾ ਪੰਜ ਰੁਪਈਏ ਆਲਾ ਪੱਤਾ ਵੀ ਪੰਜ ਸੋ ਆਲੇ ਪੱਤੇ ਜਿੰਨਾ ਈ ਕੰਮ ਕਰਦਾ ਏ 'ਤੇ ਜਦੋਂ ਉਸਨੇ ਫੇਸਬੁੱਕ ਰਾਹੀਂ ਡਾਕਟਰੀ ਦੇ ਪਵਿੱਤਰ ਕਿਤੇ ਵਿੱਚ ਕੈਂਸਰ ਵਾਂਗ ਫੈਲ ਚੁੱਕੀ ਕਮਿਸ਼ਨ ਦੀ ਬਿਮਾਰੀ ਬਾਰੇ ਖੁਲਾਸੇ ਕਰਨੇ ਸ਼ੁਰੂ ਕਰ ਦਿੱਤੇ ਤਾਂ ਮੈਡੀਕਲ ਮਾਫੀਆ ਬੌਂਦਲ ਗਿਆ। ਉਸਨੇ ਲੋਕਾਈ ਤੱਕ ਇਹ ਗੱਲ ਪਹੁੰਚਾ ਦਿੱਤੀ ਕਿ ਸਰਕਾਰੀ ਡਾਕਟਰ ਬ੍ਰਾਂਡ ਨਹੀਂ ਲਿੱਖ ਸਕਦੇ ਸਿਰਫ ਸਾਲਟ ਹੀ ਲਿੱਖ ਸਕਦੇ ਨੇ। ਦੇਖਦਿਆਂ ਈ ਦੇਖਦਿਆਂ ਲੋਕ ਵੱਡੇ ਪੱਧਰ ਤੇ ਇਸ ਨੌਜੁਆਨ ਡਾਕਟਰ ਦੇ ਮੁਰੀਦ ਹੋਣ ਲੱਗ ਪਏ। ਹਰਮਨਪ੍ਰੀਤ ਦੇ ਲੋਕਸੇਵਾ ਲਈ ਕੀਤੇ ਜਾ ਰਹੇ ਇਨਕਲਾਬੀ ਯਤਨਾਂ ਨੂੰ ਸੋਸ਼ਲ ਮੀਡੀਆ ਤੇ ਬਹੁਤ ਭਰਵਾਂ ਹੁੰਗਾਰਾ ਮਿ-ਲਿਆ ਤੇ ਉਹ ਬਹੁਤ ਮਸ਼ਹੂਰ ਤੇ ਮਕਬੂਲ ਹੋਣਾ ਸ਼ੁਰੂ ਹੋ ਗਿਆ ਪਰ ਨਾਲ ਦੀ ਨਾਲ ਹੀ ਉਹ ਹੁਣ ਮੈਡੀਕਲ ਮਾਫੀਆ ਦੀ ਅੱਖਾਂ 'ਚ ਬਹੁਤ ਜਿਆਦਾ ਰੜਕਣ ਲੱਗ ਪਿਆ।

ਹਰ ਪਾਸੇ ਹਰਮਨ-ਹਰਮਨ ਹੋਣ ਲੱਗ ਪਈ 'ਤੇ ਮਾਫੀਆ ਗਠਜੋੜ ਦਾ ਚਿਹਰਾ ਨੰਗਾ ਹੋਣਾ ਸ਼ੁਰੂ ਹੋ ਗਿਆ। ਇਸੇ ਦੌਰਾਨ ਚੋਣਾਂ ਦਾ ਐਲਾਨ ਹੋ ਗਿਆ। ਚੋਣ ਜਾਬਤੇ ਦੇ ਦੋਰਾਨ ਹੀ ਸ਼ਰੇਆਮ ਧੱਕਾ ਕਰਦੇ ਹੋਏ ਇਸ ਇਮਾਨਦਾਰ ਡਾਕਟਰ ਦੀ ਇਕ ਛੋਟੇ ਜਿਹੇ ਸੈਂਟਰ 'ਚ ਬਦਲੀ ਕਰ ਦਿੱਤੀ ਗਈ। ਸਿਸਟਮ ਵੱਲੋਂ ਸ਼ਰੇਆਮ ਕੀਤੀ ਇਸ ਧੱਕੇਸ਼ਾਹੀ ਖਿਲਾਫ ਸੋਸ਼ਲ ਮੀਡੀਆ ਤੋਂ ਲੈ ਕੇ ਆਮ ਲੋਕਾਈ ਦੇ ਵਿਰੋਧ ਨੇ ਲੋਕਰੋਹ ਦਾ ਰੂਪ ਲੈਣਾ ਸ਼ੁਰੂ ਕਰ ਦਿੱਤਾ। ਇੱਧਰ ਸਰਕਾਰ ਬਦਲ ਗਈ ਤੇ ਇਸੇ ਮੈਡੀਕਲ ਪ੍ਰਸ਼ਾਸਨ ਨੇ ਘਬਰਾ ਕੇ ਡਰਦਿਆਂ ਥੁੱਕ ਕੇ ਚੱਟਿਆ ਤੇ ਡਾਕਟਰ ਹਰਮਨਪ੍ਰੀਤ ਨੂੰ ਵਾਪਸ ਇਸੇ ਓਪੀਡੀ 'ਚ ਤਬਦੀਲ ਕਰ ਦਿੱਤਾ। ਮੌਜੂਦਾ ਸਿਹਤ ਮੰਤਰੀ ਵਿਜੈ ਸਿੰਗਲਾ ਜੀ, ਜੋ ਕਿ ਆਪ ਡਾਕਟਰ ਨੇ ਜਦੋਂ ਉਨ੍ਹਾਂ ਨੂੰ ਇਸ ਧੱਕੇਸ਼ਾਹੀ ਸੰਬੰਧੀ ਇਕ ਜਾਗਰੂਕ ਪੱਤਰਕਾਰ ਵੱਲੋਂ ਸਵਾਲ ਪੁੱਛਿਆ ਗਿਆ ਤਾਂ ਉਹਨਾ ਡਾਕਟਰ ਹਰਮਨਪ੍ਰੀਤ ਦੀ ਰੱਜਵੀਂ ਤਰੀਫ ਕਰਦਿਆਂ ਕਿਹਾ ਕਿ ਅਜਿਹੇ ਡਾਕਟਰਾਂ ਨੂੰ ਤਾਂ ਸਨਮਾਨਿਤ ਕਰਨ ਦੀ ਲੋੜ ਏ। ਕਮਿਸ਼ਨ ਦੇ ਪੈਸੇ ਤੋਂ ਸਖਤ ਨਫਰਤ ਕਰਨ ਵਾਲਾ ਡਾਕਟਰ ਹਰਮਨਪ੍ਰੀਤ ਨਾ ਤਾਂ ਆਪ ਕੋਈ ਪ੍ਰਾਈਵੇਟ ਪ੍ਰੈਕਟਿਸ ਕਰਦਾ ਏ 'ਤੇ ਨਾ ਈ ਉਹ ਪੈਸੇ ਦੇ ਲਾਲਚ ਵਿੱਚ ਗਰੀਬਮਾਰ ਕਰਦਾ ਏ। ਕਈ ਸਰਕਾਰੀ ਡਾਕਟਰ ਜਿੱਥੇ ਮਰੀਜ਼ਾਂ ਦੇ ਆਮ ਈ ਗੱਲ੍ਹ ਪੈ ਜਾਂਦੇ ਨੇ ਉੱਥੇ ਈ ਉਸਦੀ ਸਰਕਾਰੀ ਓਪੀਡੀ ਵਿੱਚ ਮਰੀਜ਼ਾਂ ਦੀ ਰੋਜ਼ਾਨਾਂ ਹੁੰਦੀ ਵੱਡੀ ਭੀੜ ਵਿੱਚੋਂ ਕਈ ਮਰੀਜ਼ ਤਾਂ ਉਸ ਵੱਲੋਂ ਮਿਲੇ ਪਿਆਰ-ਸਤਿਕਾਰ ਤੇ ਮਿੱਠੀ ਬੋਲੀ ਨਾਲ ਈ ਠੀਕ ਹੋ ਜਾਂਦੇ ਨੇ। ਜਦੋਂ ਤੀਕ ਹਰਮਨਪ੍ਰੀਤ ਵਰਗੇ ਡਾਕਟਰ ਇਸ ਪਵਿੱਤਰ ਪੇਸ਼ੇ ਦੀ ਤਰਜਮਾਨੀ ਕਰਦੇ ਰਹਿਣਗੇ ਉਦੋਂ ਤੀਕ ਡਾਕਟਰਾਂ ਨੂੰ ਰੱਬ ਹੀ ਮੰਨਿਆ ਜਾਣਾ ਚਾਹੀਦਾ ਹੈ। ਆਪਣੀ ਪਤਨੀ ਡਾਕਟਰ ਸਪਨਾ ਤੇ ਫੁੱਲ ਵਰਗੀ ਧੀ ਅਯਾਨਾ ਨਾਲ ਸੁੱਖੀ-ਸਾਂਦੀ ਵੱਸਦੀ ਇਹ ਰੱਜੀ ਤੇ ਰੱਬੀ ਰੂਹ ਸਣੇ ਪਰਿਵਾਰ ਹਮੇਸ਼ਾ ਆਬਾਦ ਰਹੇ। ਸ਼ਾਲਾ ਡਾਕਟਰ ਹਰਮਨਪ੍ਰੀਤ ਵਰਗੇ ਡਾਕਟਰ ਹਰੇਕ ਹਸਪਤਾਲ ਦਾ ਸ਼ਿੰਗਾਰ ਬਣਨ, ਜੁਗ-ਜੁਗ ਜੀਓ ਹਰਮਨ।

ਅਸ਼ੋਕ ਸੋਨੀ, ਕਾਲਮਨਵੀਸ
ਪਿੰਡ ਖੂਈ ਖੇੜਾ, ਫਾਜ਼ਿਲਕਾ

# ਕਿੱਸਾ ਹੀਰ ਤੋਂ ਬਿਨਾਂ ਵਾਰਿਸ ਦੀਆਂ ਹੋਰ ਰਚਨਾਵਾਂ

-ਡਾਕਟਰ ਧਰਮ ਸਿੰਘ

ਸੱਯਦ ਵਾਰਿਸ ਸ਼ਾਹ ਨੂੰ ਮੱਧ-ਕਾਲ ਦੇ ਸਿਰਮੌਰ ਕਿੱਸਾਕਾਰ ਵਜੋਂ ਜਾਣਿਆ ਜਾਂਦਾ ਹੈ ਜਿਸ ਦੀਪ੍ਰਸਿੱਧ ‘ਹੀਰ’ ਦੇ ਬਾਰੇ ਸਭ ਜਾਣਦੇ ਹਨ, ਪਰ ਸਮੇਂ ਸਮੇਂ ਖੋਜਕਾਰਾਂ ਨੇ ਉਸ ਦੀਆਂ ਕੁਝ ਹੋਰ ਰਚਨਾਵਾਂ ਦੀ ਦੱਸ ਵੀ ਪਾਈ ਹੈ। ਅਜਿਹੇ ਖੋਜਕਾਰਾਂ ਵਿੱਚ ਪਹਿਲਾਂ ਨਾਂਅ ਮੁਨਸ਼ੀ ਮੌਲਾ ਬਖਸ਼ ਕੁਸ਼ਤਾ ਹੈ ਜਿਸ ਨੇ ਆਪਣੀ ਪੁਸਤਕ ‘ਪੰਜਾਬ ਦੇ ਹੀਰੇ’ (1932) ਵਿੱਚ ਅਜਿਹੀ ਸੰਭਾਵਨਾ ਜਤਾਈ ਸੀ। ਉਂਝ ਵੀ ਜਦ ਅਸੀਂ ਕਿਸੇ ਨੂੰ ਕਵੀ/ਲੇਖਕ ਮੰਨ ਲਈਏ ਤਾਂ ਉਸ ਉਪਰ ਇਹ ਪਾਬੰਦੀ ਨਹੀਂ ਲਾਈ ਜਾ ਸਕਦੀ ਕਿ ਉਹ ਇਸ ਤੋਂ ਵੱਧ ਰਚਨਾ ਨਾ ਕਰੇ। ਵਾਰਿਸ ਸ਼ਾਹ ਨਾਲ ਵੀ ਇਹੋ ਕੁਝ ਵਾਪਰਿਆ ਜਾਪਦਾ ਹੈ, ਬੇਸ਼ੱਕ ਇਸ ਬਾਰੇ ਅਗਲੇਰੀ ਖੋਜ ਦੀ ਲੋੜ ਹੈ। ਮੌਲਾ ਬਖਸ਼ ਕੁਸ਼ਤਾ ਦੀਆਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਬਾਰੇ ਦੋ ਪੁਸਤਕਾਂ ਵਧੇਰੇ ਪ੍ਰਸਿੱਧ ਹਨ, ‘ਪੰਜਾਬ ਦੀ ਹੀਰੇ’ ਵਿੱਚ ਕੁਸ਼ਤਾ ਨੇ ਲਿਖਿਆ ਹੈ, “ਹੀਰ ਰਾਂਝੇ ਦੇ ਕਿੱਸੇ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਆਪ ਉਸ ਵੇਲੇ ਦੇ ਇੱਕ ਮੰਨੇ ਸ਼ਾਇਰ ਸਨ ਅਤੇ ਇਸ ਕਿੱਸੇ ਦੀ ਤਸਨੀਫ ਤੋਂ ਪਹਿਲਾਂ ਸ਼ਾਇਰੀ ਵਿੱਚ ਚੰਗੀ ਯੋਗਤਾ ਪ੍ਰਾਪਤ ਕਰ ਚੁੱਕੇ ਸਨ। ਇਸ ਸਿਲਸਿਲੇ ਵਿੱਚ ਆਪ ਦੀਆਂ ਕੁਝ ਹੋਰ ਸੰਖਿਪਤ ਤਸਨੀਫਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਪਰ ਇਹ ਪਤਾ ਨਹੀਂ ਚੱਲਦਾ ਕਿ ਉਹ ਹੀਰ ਤੋਂ ਪਹਿਲਾਂ ਦੀਆਂ ਰਚਨਾਵਾਂ ਹਨ ਜਾਂ ਪਿੱਛੋਂ ਦੀਆਂ? ਇਸ ਵਿੱਚ ਉਸਤਰਨਾਮਾ, ਮਿਅਰਾਜਨਾਮਾ, ਚੂੜੀਨਾਮਾ (ਚੁਹੇਟੜੀਨਾਮਾ), ਅਰਬੀ ਕਸੀਦਾ ਬੁਰਦਾ ਜਾਂ ਪੰਜਾਬੀ ਤਰਜਮਾ ਹੈ। ਹੋਰ ਚੋਣਵੇਂ ਦੋਹੜੇ ਆਦਿ ਦਾ ਨਾਂਅ ਵੀ ਲਿਖਿਆ ਜਾਂਦਾ ਹੈ।” ਇਸੇ ਪੁਸਤਕ ਦੇ ਅਗਲੇ ਸਫੇ ਉਪਰ ਕੁਸ਼ਤਾ ਨੇ ਇੱਕ ਦਿਲਚਸਪ ਗੱਲ ਲਿਖੀ ਹੈ। ਉਸ ਲਿਖਿਆ ਹੈ, “ਲਾਹੌਰ ਦੇ ਇੱਕ ਕਿਤਾਬਾਂ ਵੇਚਣ ਵਾਲੇ ਨੇ ਸੋਚਿਆ ਕਿ ਵਾਰਿਸ ਸ਼ਾਹ ਦਾ ਨਾਂਅ ਹਰਮਨ ਪਿਆਰਾ ਹੈ, ਇਸ ਵਾਸਤੇ ਉਸ ਦੇ ਨਾਮ ਉੱਤੇ ਜੋ ਪੁਸਤਕ ਛਾਪੀ ਜਾਵੇਗੀ, ਲੋਕਾਂ ਵਿੱਚ ਮਨਜ਼ੂਰ ਹੋ ਜਾਵੇਗੀ ਅਤੇ ਬਹੁਤੀ ਵਿਕੇਗੀ। ਉਸ ਪੁਸਤਕ ਵਾਲੇ ਨੇ ਮਿਰਜ਼ਾ ਅਬਦੁਲ ਹਮੀਦ ਬੇਗ ਕੋਲੋਂ ਸੋਹਣੀ ਮਹੀਵਾਲ ਦਾ ਕਿੱਸਾ ਲਿਖਵਾਇਆ ਤੇ ਵਾਰਿਸ ਸ਼ਾਹ ਦੇ ਨਾਂਅ ਉੱਤੇਛਾਪਿਆ। ਇਹ ਕਿੱਸਾ ਜ਼ਰੂਰ ਪ੍ਰਚਲਿਤ ਹੋ ਜਾਂਦਾ, ਪਰ ਇਸ ਦੀ ਜ਼ੁਬਾਨ ਤੇ ਰੰਗ ਢੰਗ ਫਜ਼ਲ ਸ਼ਾਹ ਦੇ ਕਿੱਸਿਆ ਵਾਂਗਰ ਸੀ, ਇਸ ਵਾਸਤੇ ਵਾਰਿਸ ਸ਼ਾਹ ਦੇ ਨਾਂਅ ਉੱਤੇ ਚੱਲ ਨਾ ਸਕਿਆ। ਕੁਸ਼ਤਾ ਨੇ ਇਹ ਵੀ ਲਿਖਿਆ ਹੈ ਕਿ ਇੱਕ ਕਵੀ ਝੰਡੇ ਸ਼ਾਹ ਵਸਨੀਕ ਚੱਕ ਮੁਕੰਦ (ਜ਼ਿਲਾ ਅੰਮ੍ਰਿਤਸਰ) ਨੇ ਸੋਹਣੀ ਮਹੀਵਾਲ ਦਾ ਕਿੱਸਾ ਲਿਖਿਆ। ਕਿਤੇ ਕਿਤੇ ਵਾਰਸ ਸ਼ਾਹ ਦਾ ਨਾਂਅ ਭਰ ਦਿੱਤਾ। ਜ਼ੁਬਾਨ ਸਾਦੀ ਤੇ ਸਰਲ ਸੀ। ਇਹ ਸੋਹਣੀ ਮਹੀਵਾਲ ਦੇ ਨਾਂਅ ਉੱਤੇ ਵਿਕਣ ਲੱਗ ਪਈ, ਪਰ ਦੂਜੇ ਜਾਂ ਤੀਜੇ ਐਡੀਸ਼ਨ ਵਿੱਚ ਨਾਂਅ ਝੰਡੇ ਸ਼ਾਹ ਕਰ ਦਿੱਤਾ। ਅੱਜਕੱਲ੍ਹ ਇਹ ‘ਸੋਹਣੀ ਝੰਡੇ ਸ਼ਾਹ’ ਦੇ ਨਾਂਅ ਉੱਤੇ ਵਿਕਦਾ ਹੈ।”

ਸ ਸ ਅਮੋਲ ਨੇ ਆਪਣੀ ਪੁਸਤਕ ‘ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ’ (1955) ਵਿੱਚ ਡਾਕਟਰ ਮੋਹਨ ਸਿੰਘ ਦੀਵਾਨਾ ਦੇ 15 ਦਸੰਬਰ 1940 ਨੂੰ ਦਿੱਤੇ ਇੱਕ ਲੈਕਚਰ ਦਾ ਹਵਾਲਾ ਦੇ ਕੇ ਲਿਖਿਆ ਹੈ, “ਉਨ੍ਹਾਂ ਦਾ ਇਸ ਲੈਕਚਰ ਦਾ ਮਜ਼ਮੂਨ ਹੀ ਵਾਰਿਸ ਸ਼ਾਹ ਦੀਆਂ ਦੋ ਗੁੱਝੀਆਂ ਕਿਤਾਬਾਂ ਸੀ ਤੇ ਇਸ ਲੈਕਚਰ ਵਿੱਚ ਉਨ੍ਹਾਂ ਨੇ ਵਾਰਿਸ ਦੀਆਂ ਦੋ ਕਿਤਾਬਾਂ ‘ਸੀਹਰਫੀ ਲਾਹੌਰ’ ਅਤੇ ਕਿੱਸਾ ‘ਸੱਸੀ ਪੁੰਨੂੰ’ ਦੇ ਨਾਂਅ ਪੇਸ਼ ਕੀਤੇ ਸਨ। ਉਨ੍ਹਾਂ ਨੇ ਪਹਿਲੀ ਕਿਤਾਬ ਵਿੱਚੋਂ ਕੁਝ ਬੈਂਤ ਵੀ ਸੁਣਾਏ ਤੇ ਦੱਸਿਆ ਸੀ ਕਿ ਇਹ ਹੀਰ ਤੋਂ 20-25 ਸਾਲ ਪਹਿਲਾਂ ਦੀ ਲਿਖੀ ਹੋਈਹੈ। ਉਸ ਦਾ ਮਜ਼ਮੂਨ ਸੀ ਲਾਹੌਰ ਦੀ ਤਬਾਹੀ ਦਾ ਤੇ ਬਿਆਨ ਢੰਗ ਕੁਝ ਅਜਿਹਾ ਸੀ, ਜਿਸ ਤੋਂ ਅੱਖੀਂ ਡਿੱਠਾ ਨਜ਼ਾਰਾ ਲਿਖਿਆ ਭਾਸਦਾ ਸੀ। ਹਰ ਚੌਥੀ ਸਤਰ ਵਿੱਚ ਹੀਰ ਦੇ ਕਿੱਸੇ ਵਾਂਗ ਵਾਰਿਸ ਸ਼ਾਹ ਦਾ ਨਾਂਅ ਉੱਤੇ ਚੰਗੀ ਜਿਹੀ ਅਖਾਉਤ ਜਾਂ ਸਿੱਖਿਆ ਵੀ ਆਉਂਦੀ ਸੀ।” ‘ਲਾਹੌਰ ਸੀਹਰਫੀ’ ਅਤੇ ‘ਸੱਸੀ ਪੁੰਨੂੰ’ ਤੋਂ ਬਿਨਾਂ‘ਚੂਹੇਟੜੀ ਨਾਮਾ' ਅਤੇ ਕੁਝ ਫੁਟਕਲ ਦੋਹੜਿਆਂ ਦੀ ਗੱਲ ਵੀ ਦੁਹਰਾਈ ਗਈ ਹੈ। ਇਸ ਲੈਕਚਰ ਤੋਂ ਪਿੱਛੋਂ ਵੀ ਵਾਰਿਸ ਸ਼ਾਹ ਦੀਆਂ ਰਚਨਾਵਾਂ ਬਾਰੇ ਮੋਹਨ ਸਿੰਘ ਦੀਵਾਨਾ ਦੀ ਇਹੋ ਰਾਇ ਬਣੀ ਰਹੀ। ਪੰਜਾਬੀ ਸਾਹਿਤ ਦੇ ਇਤਿਹਾਸ ਸੰਬੰਧੀ ਆਪਣੀ ਪੁਸਤਕ ਵਿੱਚ ਉਨ੍ਹਾਂ ਨੇ ਲਿਖਿਆ ਹੈ, “ਆਪ (ਵਾਰਿਸ ਸ਼ਾਹ) ਨੇ 1748 ਈਸਵੀ ਦੇ ਕਰੀਬ ਜਦੋਂ ਸ਼ਾਹ ਨਵਾਜ਼, ਲਾਹੌਰ ਦਾ ਹਾਕਮ ਸੀ, ਅਹਿਮਦ ਸ਼ਾਹ ਦੇ ਕਿਸੇ ਜਰਨੈਲ ਦੀ ਲਾਹੌਰ ਉੱਤੇ ਚੜ੍ਹਾਈ ਦਾ ਸਾਕਾ ਆਪਣੀ ਅੱਖੀਂ ਵੇਖਿਆ ਸੀ ਤੇ ਉਸ ਮੁਗਲ ਪਠਾਣ ਟੱਕਰ ਨੂੰ ਸੀਹਰਫੀਆਂ ਵਿੱਚ ਨਜ਼ਮ ਕੀਤਾ। ਇਹ ਸੀਹਰਫੀਆਂ ਨਹੀਂ, ਲਹੂ ਦੇ ਅੱਥਰੂ, ਹੰਝੂ ਹਨ। (ਪੰਜਾਬੀ ਸਾਹਿਤ ਦੀ ਇਤਿ-ਹਤਾਸ ਰੇਖਾ, 1955, ਪੰਨਾ 146)। ਡਾਕਟਰ ਮੋਹਨ ਸਿੰਘ ਦੀਵਾਨਾ ਨੇ ਆਪਣੀ ਇਸ ਰਾਏ ਨੂੰ ਹੀਰ ਵਾਰਿਸ ਦੀ ਸੰਪਾਦਨਾ ਵੇਲੇ ਵੀ ਦੁਹਰਾਇਆ।” ‘ਸੱਸੀ ਵਾਰਿਸ’ ਬਾਰੇ ਇੱਕ ਪ੍ਰਕਾਸ਼ਕ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਹੈ ਕਿ ਪ੍ਰਕਾਸ਼ਕ ਦੇ ਵੱਡੇ ਵਡੇਰਿਆਂ ਪਾਸ ਇਸ ਦਾ ਨੁਸਖਾ 1221 ਹਿਜਰੀ (1806 ਈਸਵੀ) ਵਿੱਚ ਸਾਂਭਿਆ ਪਿਆ ਸੀ, ਜਿਸ ਨੂੰ ਉਸ ਨੇ ਛਾਪ ਕੇ ਆਮ ਕਰ ਦਿੱਤਾ। ਡਾਕਟਰ ਦੀਵਾਨਾ ਦਾ ਇਹ ਵੀ ਵਿਚਾਰ ਹੈ ਕਿ ਵਾਰਿਸ ਨੇ ਇਹ ਕਿੱਸਾ 1747 ਵਿੱਚ ਲਿਖਿਆ ਹੋਵੇਗਾ, ਜਦ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਦੇ ਹਾਕਮ ਸ਼ਾਹ ਨਵਾਜ਼ ਉੱਤੇ ਹਮਲਾ ਕਰ ਕੇ ਉਸ ਨੂੰ ਸ਼ਿਕਸਤ ਦਿੱਤੀ ਸੀ।

ਲੇਖ ਦੇ ਆਰੰਭ ਵਿੱਚ ਦੱਸੇ ਮੁਤਾ-ਬਕ ਵਾਰਿਸ ਦੇ ਨਾਂਅ ਨਾਲ ਮਨਸੂਬ ਰਚਨਾਵਾਂ ਬਾਰੇ ਅੰਤਿਮ ਨਿਰਣਾ ਅਗਲੇਰੀ ਖੋਜ ਤੋਂ ਬਾਅਦ ਹੀ ਹੋ ਸਕੇਗਾ ਅਤੇ ਉਸੇ ਰਾਏ ਨੂੰ ਏਥੇ ਫਿਰ ਦੁਹਰਾਉਂਦੇ ਹਾਂ। ਫਿਰ ਵੀ ਕਿਧਰੇ ਕਿਧਰੇ ਕੋਈ ਅਜਿਹਾ ਸੰਕੇਤ ਜ਼ਰੂਰ ਮਿਲ ਜਾਂਦਾ ਹੈ, ਜੋ ਸਾਡੀ ਇਸ ਧਾਰਨਾ ਨੂੰ ਮੂਲੋਂ ਰੱਦ ਵੀ ਨਹੀਂ ਕਰਦਾ। ‘ਸੈਫੂੱਲ ਮਲੂਕ’ ਦੇ ਕਰਤਾ ਮੀਆਂ ਮੁਹੰਮਦ ਬਖਸ਼ ਨੇ ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਕਵੀਆਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਪਰਿਚੈ ਦੇਣ ਦੇ ਨਾਲ-ਨਾਲ ਕਈ ਥਾਵਾਂ ਉਪਰ ਬੇਬਾਕ ਟਿੱਪਣੀਆਂ ਵੀ ਕੀਤੀਆਂ ਹਨ। ਮੀਆਂ ਮੁਹੰਮਦ ਬਖਸ਼, ਵਾਰਿਸ ਸ਼ਾਹ ਦੀ ਜਿੱਥੇ ਪ੍ਰਸ਼ੰਸਾ ਕਰਦਾ ਹੈ, ਉਥੇ ਉਸ ਦੇ ਚੁਹੇਟੜੀਨਾਮਾ ਦੀ ਮਹਿਮਾ ਵੀ ਕਰਦਾ ਹੈ :



*ਵਾਰਿਸ ਸ਼ਾਹ ਸੁਖਨ ਦਾ ਵਾਰਿਸ,*
*ਨਿੰਦੇ ਕੌਣ ਉਨ੍ਹਾਂ ਨੂੰ।*
*ਸ਼ਿਅਰ ਉਹਦੇ ਤੇ ਉਂਗਲ ਕਰਨੀ,*
*ਨਾਹੀਂ ਕਦਰ ਅਸਾਨੂੰ।*
*ਜਿਹੜੀ ਉਸਿ ਚੂਹੇਟੜੀ ਆਖੀ।*
*ਜੇ ਸਮਝੇ ਕੋਈ ਸਾਰੀ।*
*ਹਿਕ ਹਿਕ ਸੁਖਨ ਅੰਦਰ ਖੁਸ਼ਬੋਈ*
*ਵਾਂਙ ਫੁੱਲਾਂ ਦੀ ਖਾਰੀ।*

ਜਾਗੀਰਦਾਰੀ ਯੁੱਗ ਵਿੱਚ ਸਮਰੱਥ ਲੋਕ ਹਾਥੀ, ਘੋੜੇ, ਊਠ, ਕੁੱਤੇ ਤੇ ਬਾਜ਼ ਆਦਿ ਜਾਨਵਰ ਅਤੇ ਸ਼ਿਕਾਰੀ ਪੰਛੀ ਪਾਲਦੇ ਸਨ। ਇਨ੍ਹਾਂ ਦੀਆਂ ਆਦਤਾਂ, ਖੁਰਾਕ, ਬਿਮਾਰੀਆਂ ਤੇ ਉਨ੍ਹਾਂ ਨੇ ਇਲਾਜ ਅਤੇ ਹੋਰ ਬਹੁਤ ਸਾਰੀਆਂ ਸੰਬੰਧਤ ਚੀਜ਼ਾਂ ਬਾਰੇ ਕਈ ਰਚਨਾਵਾਂ ਰਚੀਆਂ ਮਿਲਦੀਆਂ ਹਨ। ਫੀਲਨਾਮੇ, ਬਾਜ਼ਨਾਮੇ, ਅਸਵ (ਅਸਵਨਾਮੇ), ਸੁਆਨਨਾਮੇ, ਉਸ਼ਤਰ ਜਾਂ ਸ਼ੁਤਰਨਾਮੇ ਇਸੇ ਲੋੜ ਤੋਂ ਲਿਖੇ ਗਏ। ਹੋ ਸਕਦਾ ਹੈ ਕਿ ਕਿਸੇ ਅਮੀਰ ਦੇ ਕਹਿਣ ਉਪਰ ਵਾਰਿਸ ਸ਼ਾਹ ਨੇ ਉਸ਼ਤਰਨਾਮਾ ਇਸੇ ਦੀ ਪੈਰਵੀ ਵਿੱਚ ਲਿਖਿਆ ਹੋਵੇ। ਇਸ ਦੌਰ ਵਿੱਚ ਨਸੀਹਤਨਾਮੇ ਮਿਲਦੇ ਹਨ। ਮੁਸਲਮਾਨ ਲੇਖਕਾਂ ਨੇ ਅਜਿਹੀਆਂ ਰਚਨਾਵਾਂ ਨੂੰ ਇਬਰਤਨਾਮਾ ਵੀ ਕਿਹਾ ਹੈ। ਇਬਰਤ ਦਾ ਅਰਥ ਵੀ ਨਸੀਹਤ, ਨੇਕ ਸਲਾਹ ਅਤੇ ਦੂਜਿਆਂ ਦੀਆਂ ਹਾਲਤ ਤੋਂ ਸਬਕ ਸਿੱਖਣਾ ਹੈ।

ਮਿਅਰਾਜਨਾਮੇ ਵੀ ਸ਼ੁੱਧ ਇਸਲਾਮੀ ਰਵਾਇਤ ਨਾਲ ਜੁੜੇ ਹੋਏ ਹਨ। ਮਿਅਰਾਜ ਦਾ ਅਰਥ ਉਪਰ ਚੜ੍ਹਨਾ, ਪੌੜੀ ਜਾਂ ਪੌੜੀ ਦਾ ਡੰਡਾ ਤੇ ਖ਼ੁਦਾਈ ਨੇੜਤਾ ਹੈ। ਇਹ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਕਾਲ ਦੀ ਇੱਕ ਮਹੱਤਵਪੂਰਨ ਤੇ ਪ੍ਰਸਿੱਧ ਘਟਨਾ ਮੰਨੀ ਜਾਂਦੀ ਹੈ ਜਿਸ ਵਿੱਚ ਉਨ੍ਹਾਂ ਨੂੰ ਅੱਲਾ-ਤਾਅਲਾ ਨੇ ਮੁਲਾਕਾਤ ਅਤੇ ਦੀਦਾਰ ਲਈ ਸੱਤਵੇਂ ਅਸਮਾਨ ਬੁਲ-ਾਇਆ ਸੀ। ਸ਼ਬਿ-ਮਿਰਾਜ ਇੱਕ ਪ੍ਰਸਿੱਧ ਤਿਉਹਾਰ ਹੈ। ਇਸ ਘਟਨਾ ਬਾਰੇ ਪੰਜਾਬੀ ਸਮੇਤ ਕਈਆਂ ਜ਼ੁਬਾਨਾਂ ਵਿੱਚ ਮਿਅਰਾਜਨਾਮੇ ਲਿਖੇ ਮਿਲਦੇ ਹਨ। ਵਾਰਿਸ ਸ਼ਾਹ ਨਾਲ ਵੀ ਮਿਅਰਾਜਨਾਮਾ ਜੁੜਿਆ ਹੈ। ਵਾਰਿਸ ਮਗਰੋਂ ਕਾਦਰਯਾਰ ਨੇ ਅਜਿਹੀ ਰਚਨਾ ਕੀਤੀ ਸੀ। ਵਾਰਿਸ ਸ਼ਾਹ ਧਾਰਮਿਕ ਅਤੇ ਸੂਫੀ ਵਿਚਾਰਾਂ ਦਾ ਧਾਰਨੀ ਸੀ। ਇਸ ਲਈ ਸੰਭਵ ਹੈ ਕਿ ਉਸ ਨੇ ਕਿਸੇ ਅਰਬੀ ਕਸੀਦਾ ਬੁਰਦਾ ਦਾ ਤਰਜਮਾ ਵੀ ਪੰਜਾਬੀ ਵਿੱਚ ਕਰ ਦਿੱਤਾ ਹੋਵੇ। ਕਸੀਦੇ ਅੱਲਾ-ਤਾਅਲਾ ਜਾਂ ਤਤਕਾਲੀ ਹਾਕਮਾਂ ਦੀ ਸਿਫਤ ਜਾਂ ਵਡਿਆਈ ਵਿੱਚ ਲਿਖੇ ਜਾਂਦੇ ਸਨ। ਅਰਬੀ, ਫਾਰਸੀ ਅਤੇ ਉਰਦੂ ਵਿੱਚ ਕਸੀਦਾਨਿਗਾਰੀ ਦੀ ਇੱਕ ਲੰਮੀ ਅਤੇ ਅਮੀਰ ਰਵਾਇਤ ਹੈ।

ਵਾਰਿਸ ਸ਼ਾਹ ਬਾਰੇ ਖੋਜ ਦਾ ਕੁਝ ਕੰਮ ਪਾਕਿਸਤਾਨ ਵਿੱਚ ਵੀ ਹੋਇਆ ਹੈ। ਅਕਤੂਬਰ-ਨਵੰਬਰ 1969 ਵਿੱਚ ਮਹੀਨਾਵਾਰ ‘ਪੰਜ ਦਰਿਆ’ ਦਾ ਵਾਰਿਸ ਨੰਬਰ ਛਪਿਆ ਸੀ ਜਿਸ ਵਿੱਚ ਉਸ ਦੀਆਂ ਕਹੀਆਂ ਜਾਣ ਵਾਲੀਆਂ ਰਚਨਾਵਾਂ ਦੇ ਕੁਝ ਨਮੂਨੇ ਪਏ ਸਨ। ਅਸੀਂ ਇਸ ਵਿਸ਼ੇਸ਼ ਅੰਕ ਵਿੱਚੋਂ ਕੁਝ ਨਮੂਨੇ ਖੋਜਕਾਰਾਂ, ਪਾਠਕਾਂ ਦੀ ਦਿਲਚਸਪੀ ਲਈ ਦਰਜ ਕਰਦੇ ਹਾਂ।

ਇਸ ਅੰਕ ਵਿੱਚ ਕਸੀਦਾ ਬੁਰਦਾ ਦੇ ਤਰਜਮੇ ਬਾਰੇ ਮੁਮਤਾਜ਼ ਸਲੀਮੀ ਦਾ ਇੱਕ ਲੇਖ ਛਪਿਆ ਹੈ ਜਿਸ ਵਿੱਚ ਉਹ ਦਾਅਵਾ ਕਰਦੀ ਹੈ ਕਿ ਉਸ ਕੋਲ ਕਸੀਦਾ ਬੁਰਦਾ ਦਾ ਇੱਕ ਕਲਮੀ ਨੁਸਖਾ ਹੈ। ਇਸ ਕਲਮੀ ਨੁਸਖੇ ਸੰਬੰਧੀ ਉਸ ਦਾ ਅਨੁਮਾਨ ਹੈ ਕਿ ਇਹ ਹਜ਼ਰਤ ਵਾਰਿਸ ਸ਼ਾਹ ਦੇ ਆਪਣੇ ਹੱਥ ਦਾ ਲਿਖਿਆ ਏ। ਇਹ ਬੇਹੱਦ ਫਟਿਆ ਪੁਰਾਣਾ ਨੁਸਖਾ ਹੈ ਜਿਸ ਦੇ ਸਫਿਆਂ ਦੀ ਗਿਣਤੀ 120 ਹੈ। ਲਿਖਤ ਦਾ ਸੰਨ 1152 ਹਿਜਰੀ ਹੈ। ਮੁਮਤਾਜ਼ ਸਲੀਮੀ ਦੀ ਰਾਏ ਹੈ ਕਿ ਕਸੀਦਾ ਬੁਰਦਾ ਸ਼ੇਖ਼ ਸ਼ਰਫੂੱਦੀਨ ਅਬੂ ਅਬਦੁੱਲਾ ਮੁਹੰਮਦ ਬਿਨ ਸਈਅਦ ਦੀ ਤਸਨੀਫ ਏ। ਇਹ ਉਸ ਜ਼ਮਾਨੇ ਦੇ ਪਰਹੇਜ਼ਗਾਰ ਬਜ਼ੁਰਗ ਸਨ। 694 ਹਿਜਰੀ ਵਿੱਚ ਇਨ੍ਹਾਂ ਦਾ ਇੰਤਕਾਲ ਹੋਇਆ। ਇਹ ਫਾਲਿਜ ਦੇ ਮਰੀਜ਼ ਸਨ। ਜਦੋਂ ਬਿਲਕੁਲ ਲਾਚਾਰ ਤੇ ਆਜਿਜ਼ ਹੋ ਗਏ ਤੇ ਬਹੁਤ ਤੰਗ ਹੋਏ ਤਾਂ ਇਨ੍ਹਾਂ ਨੇ ਇਹ ਕਸੀਦਾ, ਜਿਸ ਦੇ 162 ਬੈਂਤ ਹਨ, ਲਿਖਿਆ ਅਤੇ ਬਾਰੀ ਤਾਅਲਾ ਅੱਗੇ ਆਪਣੀ ਸਿਹਤ ਵਾਸਤੇ ਇਲਤਿਜਾ ਕੀਤੀ। ਇਨ੍ਹਾਂ ਨੇ ਉਸੇ ਰਾਤ ਖ਼ੁਆਬ ਵਿੱਚ ਵੇਖਿਆ ਕਿ ਹਜ਼ੂਰ ਨੇ ਸ਼ੇਖ਼ ਸਾਹਿਬ ਉੱਤੇ ਚਿੱਟੀ ਚਾਦਰ ਪਾ ਦਿੱਤੀ ਏ ਤੇ ਜਿਸਮ ਉਤੇ ਹੱਥ ਫੇਰਿਆ ਏ। ਸਵੇਰੇ ਅੱਖ ਖੁੱਲ੍ਹੀ ਤੇ ਬਿਲਕੁਲ ਤੰਦਰੁਸਤ ਸਨ। ਇਨ੍ਹਾਂ ਦੇ ਕਿਸੇ ਦੋਸਤ ਜਾਂ ਅਜ਼ੀਜ਼ ਨੂੰ ਪਤਾ ਨਹੀਂ ਸੀ। ਘਰੋਂ ਬਾਹਰ ਨਿਕਲ ਤੇ ਇੱਕ ਦਰਵੇਸ਼ ਮਿਲੇ ਜਿਨ੍ਹਾਂ ਕਿਹਾ ਕਿ ਸ਼ੇਖ਼ ਸਾਹਿਬ ਆਪਣਾ ਕਸੀਦਾ ਸਾਨੂੰ ਵੀ ਇਨਾਇਤ ਫ਼ੁਰਮਾਓ। ਫੇਰ ਕਸੀਦੇ ਦੀ ਜਲਦੀ ਹੀ ਮਸ਼ਹੂਰੀ ਹੋ ਗਈ। ਇਸ ਦੀ ਖਬਰ ਬਹਾਓਦੀਨ ਨੂੰ ਪਹੁੰਚ ਗਈ। ਉਨ੍ਹਾਂ ਕਸੀਦੇ ਨੂੰ ਸੋਨੇ ਦੇ ਪਾਣੀ ਨਾਲ ਲਿਖਵਾਇਆ ਤੇ ਅਦਬ ਦੀ ਖਾਤਿਰ ਨੰਗੇ ਸਿਰ ਤੇ ਨੰਗੇ ਪੈਰ ਇਸ ਨੂੰ ਸੁਣਨ ਲਈ ਆਇਆ ਤੇ ਸਾਰੀ ਉਮਰ ਇਸ ਤੋਂ ਬੜੇ ਬੜੇ ਫੈਜ਼ ਹਾਸਿਲ ਕੀਤੇ। ਕਸੀਦੇ ਦੀ ਮਸ਼ਹੂਰੀ ਸਾਰੀ ਇਸਲਾਮੀ ਦੁਨੀਆ ਵਿੱਚ ਏ।

ਇਹ ਮਖਤੂਤਾ, ਜਿਹੜਾ ਸਾਡੇ ਕੋਲ ਏ ਇਹਦੇ ਵਿੱਚ ਫਾਰਸੀ ਸ਼ਿਅਰਾਂ ਦਾ ਤਰਜਮਾ ਅਲਾਮਾ ਜਮਾਲੂੱਦੀਨ ਚਨਾਬੀ ਨੇ ਕੀਤਾ ਏ। ਪੰਜਾਬੀ ਸ਼ਿਅਰ ਹਜ਼ਰਤ ਵਾਰਿਸ ਸ਼ਾਹ ਦੇ ਨੇ। ਫਾਰਸੀ ਦਾ ਸ਼ਿਅਰ ਅਰਬੀ ਦੀ ਬੈਂਤ ਥੱਲੇ ਲਿਖਿਆ ਹੋਇਆ ਏ ਤੇ ਇਹਦੇ ਥੱਲੇ ਪੰਜਾਬੀ ਦਾ ਸ਼ਿਅਰ। ਖ਼ਤ ਅਰਬੀ ਫਾਰਸੀ ਜਾਂ ਪੰਜਾਬੀ ਦਾ ਦਰਮਿਆਨੇ ਦਰਜੇ ਦਾ ਤੇ ਇਹਦੀ ਤਰਜ਼ ਤੋਂ ਇਹਦੀ ਕਦਾਮਤ ਦਾ ਪਤਾ ਚੱਲਦਾ ਏ, ਕਸੀਦੇ ਦੇ ਆਖਰ ਵਿੱਚ ਪੰਜਾਬੀ ਦੇ ਸ਼ਿਅਰ, ਜਿਨ੍ਹਾਂ ਤੋਂ ਤਾਰੀਖ ਤੇ ਮੁਸ਼ੱਨਫ ਦਾ ਪਤਾ ਚੱਲਦਾ ਏ। ਅਲਾਮਾ ਜਮਾਲ ਚਨਾਬੀ ਨੇ ਕਸੀਦਾ ਬੁਰਦਾ ਦੀ ਅਰਬੀ ਵਿੱਚ ਸ਼ਰਾ ਦੀ 999 ਹਿਜਰੀ ਵਿੱਚ ਲਿਖੀ ਏ। ਲਿਖਤ ਦੇ ਸੰਨ ਤੋਂ ਮਾਲੂਮ ਹੁੰਦਾ ਏ ਕਿ ਇਹ ਜ਼ਮਾਨਾ ਸੀ ਜਦੋਂ ਹਜ਼ਰਤ ਵਾਰਿਸ ਸ਼ਾਹ ਆਪਣੀ ਮਜ਼ਹਬੀ ਤੇ ਦਰਸੀ ਤਾਲੀਮ ਤੋਂ ਫਾਰਗ ਹੋ ਚੁੱਕੇ ਸਨ। ਲਿਖਾਈ ਤੇ ਸ਼ਿਅਰਾਂ ਦੀ ਤਰਜ਼ ਤੋਂ ਜ਼ਾਹਿਰ ਹੁੰਦਾ ਏ ਕਿ ਸ਼ੁਰੂ ਦੀ ਉਮਰ ਦਾ ਜ਼ਮਾਨਾ ਏ ਜਦੋਂ ਐਡੀ ਪਕਿਆਈ ਖਿਆਲਾਂ ਵਿੱਚ ਨਹੀਂ ਸੀ ਆਈ ਤੇ ਹੀਰ ਉਨ੍ਹਾਂ ਨੇ 27 ਸਾਲ ਬਾਅਦ ਵਿੱਚ ਲਿਖੀ ਏ :

*ਸਬ ਖਲਕਤ ਥੀਂ, ਨਬੀ ਅਸਾਡਾ*
*ਜ਼ਾਹਿਰ ਬਾਤਿਨ ਕਾਮਲ।*
*ਨਾਲ ਮੁਹੱਬਤ ਆਪਣੀ ਖਾਲਿਕ ਕੀਤਾ*
*ਉਸਨੂੰ ਸ਼ਾਮਲ।*
*ਹੋਰ ਸ਼ਰੀਕ ਨਾ ਕੋਈ ਹਜ਼ਰਤ ਵਿੱਚ,*
*ਖ਼ੂਬੀ ਜਿਹਬਾਈ ਹੁਸਨ ਮਲਾਹਤ ਜੋ,*
*ਅਹਿਮਦ ਅੰਦਰ ਖਾਲਿਕ ਆਖ*
*ਸੁਨਾਈ।*

ਇਸੇ ਵਿਸ਼ੇਸ਼ ਅੰਕ ਵਿੱਚ ਇੱਕ-ਇੱਕ ਲੇਖ ‘ਦੋਹੜਿਆਂ’ ਅਤੇ ‘ਬਾਰਾਂਮਾਹ’ ਬਾਰੇ ਹਨ। ਦੋਹੜਿਆਂ ਵਿੱਚ ਚਿੰਨ੍ਹ ਤਾਂ ਭਾਵੇਂ ਹੀਰ, ਰਾਂਝੇ ਵਾਲੇ ਵਰਤੇ ਗਏ ਹਨ, ਪਰ ਤਸਵੁੱਫ ਦਾ ਰੰਗ ਉਘੜਦਾ ਹੈ। ਬਾਰਾਂਮਾਹ ਵਿੱਚ ਵੀ ਰਵਾਇਤੀ ਰੰਗਤ ਹੈ। ਇੱਕ-ਇੱਕ ਉਦਾਹਰਣ ਇਸ ਤਰ੍ਹਾਂ ਹੈ :

*ਬਾਹੋਂ ਪਕੜ ਬਹਾਲੀ ਸਾਂ ਮੈਂ, ਸਰਵਰ*
*ਆਲਮ ਖਾਰੇ।*
*ਚਾਰੇ ਯਾਰ ਖਲੋਤੇ ਫੜ ਕੇ, ਸਾਲੂ ਦੇ*
*ਲੜ ਚਾਰੇ।*
*ਦਹੀਂ ਫੁੱਟੀ ਸਿਰ ਹੋਰਾਂ ਪਾਈ ਸੈ ਸੈ*
*ਸ਼ਗਨ ਵਿਚਾਰੇ।*
*ਵਾਰਿਸ ਸ਼ਾਹ ਵੱਤ ਬੱਧੋ ਕੇ, ਮੇਰਾ*
*ਰਾਂਝਣ ਨਾਲ ਪਿਆਰੇ।*

... ... ...

ਚੜ੍ਹਦੇ ਚੇਤਰ ਮਾਂਹ ਨੂੰ ਸਬ ਸਈਆਂ,
ਰਲ ਬਿੰਦੀਆਂ ਟਿੱਕੇ ਲਾਉਂਦੀਆਂ ਨੇ।
ਹੱਥੀਂ ਪਾ ਕੰਗਣ ਪਹਿਨ ਜ਼ਰੀ ਜ਼ੇਵਰ,
ਪੈਰੀਂ ਝਾਂਜਰਾਂ ਖ਼ੂਬ ਛਣਕਾਉਂਦੀਆਂ ਨੇ।
ਨਾਲ ਸ਼ੌਕ ਦੇ ਘਰਾਂ ਦੇ ਵਿੱਚ ਜਾ ਕੇ,
ਪਹਿਲੇ ਰਾਂਗਲੀ ਸੇਜ ਵਿਛਾਉਂਦੀਆਂ ਨੇ।
ਵਾਰਿਸ ਸ਼ਾਹ ਇਕੱਲੜੀ ਹੀਰ ਜੱਟੀ,
ਹੋਰ ਕੌਤਾਂ ਨੂੰ ਅੰਗ ਲਗਾਉਂਦੀਆਂ ਨੇ।

... ... ...

ਚੜਦੇ ਮਾਂਹ ਵਿਸਾਖ ਨੂੰ ਹੀਰ ਜੱਟੀ,
ਰਾਂਝੇ ਯਾਰ ਦੇ ਬਾਝ ਹੈਰਾਨ ਹੋਈ।
ਜ਼ਾਰ-ਜ਼ਾਰ ਰੋਂਦੀ ਪੱਲੂ ਪਾ ਵੈਂਦੀ ਏ,
ਕਹਿੰਦੀ ਜਾਨ ਏ ਲਬਾਂ ਦੇ ਆਨ ਹੋਈ।
ਰਾਂਝੇ ਯਾਰ ਦੇ ਬਾਝ ਨਾ ਜਿਊਂਦੀ ਹਾਂ,
ਉਹਦੇ ਨਾਮ ਤੋਂ ਮੈਂ ਕੁਰਬਾਨ ਹੋਈ।
ਵਾਰਿਸ ਸ਼ਾਹ ਕਿਉਂ ਅਸਾਂ ਥੀਂ ਰੁੱਸ ਗਿਆ,
ਸਾਥੋਂ ਨਈ ਕੋਈ ਗੱਲ ਬੇਜ਼ਾਨ ਹੋਈ।

... ... ...

*ਸੇ ਸਾਬਤ ਰਹੀ ਪ੍ਰੀਤ ਪੁੰਨੂੰ ਦੀ,*
*ਸੱਸੀ ਪ੍ਰੀਤ ਨ ਤੋੜੀ।*
*ਇਕ ਇਕੱਲੀ ਥਲ ਬਾਂਗਰ ਵਿੱਚ,*
*ਮਾਰ ਲਥੀ ਵੰਵ ਖੋੜੀ।*
*ਮੋਇਆਂ ਬਾਝ ਯਾਰ ਨਾ ਮਿਲਦਾ,*
*ਜੇ ਕੀਜੇ ਯਤਨ ਕਰੋੜੀਂ।*
*ਵਾਰਸ ਬਰਕਤ ਸਿਦਕ ਸਚ ਦੀ,*
*ਪੁੰਨੂੰ ਦੇ ਅੰਗ ਜੋੜੀ।*

ਉਰਦੂ ਆਲੋਚਕ ਹਾਫਿਜ਼ ਮਹਿਮੂਦ ਸ਼ੀਰਾਨੀ ਦੀ ਪੁਸਤਕ ‘ਪੰਜਾਬ ਮੇਂ ਉਰਦੂ’ ਬੜੀ ਪ੍ਰਸਿੱਧ ਹੈ। ਇਹ ਪੁਸਤਕ ਪੰਜਾਬੀ ਵਿਦਵਾਨਾਂ ਲਈ ਵੀ ਉਪਯੋਗੀ ਹੈ ਕਿਉਂਕਿ ਇਸ ਵਿੱਚ ਉਨ੍ਹਾਂ ਪੰਜਾਬੀ ਕਵੀਆਂ ਦਾ ਵੀ ਜ਼ਿਕਰ ਹੈ ਜਿਨ੍ਹਾਂ ਉਰਦੂ ਵਿੱਚ ਵੀ ਲਿਖਿਆ ਹੈ। ਸ਼ੀਰਾਨੀ ਨੇ ਪੈਸਾ ਅਖਬਾਰ ਦੇ ਸੰਪਾਦਕ ਮੌਲਵੀ ਮਹਿਬੂਬ ਆਲਮ ਦੇ ਹਵਾਲੇ ਨਾਲ ਉਕਤ ਪੁਸਤਕ ਵਿੱਚ ਇੱਕ ਉਰਦੂ ਗ਼ਜ਼ਲ ਦਾ ਨਮੂਨਾ ਦਿੱਤਾ ਹੈ ਜਿਸ ਨੂੰ ਉਹ ਵਾਰਿਸ ਸ਼ਾਹ ਰਚਿਤ ਮੰਨਦਾ ਹੈ :

ਜਿਸ ਦਿਨ ਕੇ ਸਾਜਨ ਬਿਛੜੇ ਹੈ,
ਇਸ ਦਿਨ ਕਾ ਦਿਲ ਬੀਮਾਰ ਹੋਯਾ।
ਅਬ ਕਠਨ ਬਨ ਕਿਆ ਫਿਕਰ ਕਰੂੰ,
ਘਰ ਬਾਰ ਸਭੀ ਬੇਜ਼ਾਰ ਹੋਯਾ।

ਇਹ ਸੱਯਦ ਵਾਰਿਸ ਸ਼ਾਹ ਦੇ ਨਾਲ ਜੁੜੀਆਂ ਕੁਝ ਰਚਨਾਵਾਂ ਦੀ ਮਹਿਜ਼ ਜਾਣ-ਪਛਾਣ ਹੈ। ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕੋਈ ਦਾਅਵਾ ਨਹੀਂ। ਅਗਲੀ ਖੋਜ ਦਾਅਵੇ ਦੀ ਪੁਸ਼ਟੀ ਕਰ ਸਕਦੀ ਹੈ ਅਤੇ ਇਸ ਨੂੰ ਰੱਦ ਵੀ ਕਰ ਸਕਦੀ ਹੈ।

---

## ਕਹਾਣੀ

# ਪਾਟੀ ਰਜਾਈ

-ਸੁਧੀਰ ਕੁਮਾਰ ਸੋਨੀ

ਰਾਧੇਸ਼ਾਮ ਜੀ ਅੱਜ ਸਾਇਕਲ ਲੈ ਕੇ ਹੀ ਨਿਕਲ ਪਏ, ਸਵੇਰ ਦੀ ਸੈਰ ਲਈ। ਉਨ੍ਹਾਂ ਦੇ ਘਰ ਦੇ ਨੇੜੇ ਕਾਫੀ ਵੱਡਾ ਤਲਾਬ ਸੀ। ਉਹ ਉਸੇ ਦਾ ਗੋਲ ਚੱਕਰ ਲਾ ਰਹੇ ਸਨ। ਸਾਈਕਲ ਬਿਲਕੁਲ ਨਵੀਂ ਦਿੱਸਦੀ ਸੀ। ਸਾਈਕਲ ਚਲਾਉਂਦੇ ਹੋਏ ਰਾਧੇਸ਼ਾਮ ਜੀ ਅਚਾਨਕ ਰੁਕ ਗਏ। ਉਨ੍ਹਾਂ ਨੂੰ ਸਾਹਮਣਿਓਂ ਸੁੰਦਰ ਬਾਬੂ ਆਉਂਦੇ ਦਿਖਾਈ ਦਿੱਤੇ।

“ਅੱਜ ਤੁਸੀਂ ਫਾਰਮ ਹਾਊਸ ਨਹੀਂ ਗਏ ਰਾਧੇਸ਼ਾਮ ਜੀ?”

“ਨਹੀਂ ਯਾਰ, ਕੌਣ ਡਰਾਈਵਰ ਨੂੰ ਸਵੇਰੇ-ਸਵੇਰੇ ਫੋਨ ਕਰ ਕੇ ਜਗਾਏ। ਉਸ ਨੂੰ ਵੀ ਲੱਗਦਾ ਹੋਵੇਗਾ ਕਿ ਮਾਲਕ ਨੀਂਦ ਖਰਾਬ ਕਰਦੇ ਹਨ।” ਇੰਨਾ ਕਹਿ ਕੇ ਰਾਧੇਸ਼ਾਮ ਜੀ ਨੇ ਰੁਮਾਲ ਨਾਲ ਚਿਹਰਾ ਪੂੰਝਿਆ, ਫਿਰ ਕਹਿਣ ਲੱਗੇ, “ਕੱਲ੍ਹ ਮਨੋਜ ਨੂੰ ਕਹਿ ਕੇ ਇਹ ਸਾਈਕਲ ਮੰਗਵਾ ਲਈ ਸੀ। ਅੱਗੇ ਤੋਂ ਸਵੇਰ ਦੀ ਸੈਰ ਇਸੇ ਨਾਲ ਕਰਿਆ ਕਰਾਂਗਾ।”

“ਕਿੰਨੇ ਦੀ ਹੈ ਰਾਧੇਸ਼ਾਮ ਜੀ?”

“ਇਹੀ ਕੋਈ ਪੰਜ ਹਜ਼ਾਰ ਦੀ। ਦੱਸੋ ਕਦੇ ਵੀਹ-ਪੱਚੀ ਰੁਪਏ ਵਿੱਚ ਆ ਜਾਂਦੀ ਸੀ।” ਇੰਨਾ ਕਹਿ ਕੇ ਰਾਧੇਸ਼ਾਮ ਜੀ ਨੇ ਡੂੰਘਾ ਸਾਹ ਲਿਆ, ਫਿਰ ਬੋਲੇ, “ਆਓ ਸੁੰਦਰ ਬਾਬੂ, ਤਲਾਬ ਦੀ ਪੌੜੀ ਉੱਤੇ ਬੈਠਦੇ ਹਾਂ।”

ਦੋਵੇਂ ਤਲਾਬ ਦੀਆਂ ਪੌੜੀਆਂ ਉਤਰਨ ਲੱਗੇ।

“ਝੁਮਰੂ, ਦੋ ਕੱਪ ਵਧੀਆ ਚਾਹ ਬਣਾ ਕੇ ਲਿਆ।” ਰਾਧੇਸ਼ਾਮ ਜੀ ਨੇ ਸਾਹਮਣੇ ਸੜਕ ਪਾਰ ਚਾਹ ਦੀ ਰੇਹੜੀ ਵਾਲੇ ਨੂੰ ਕਿਹਾ ਅਤੇ ਤਲਾਬ ਦੀ ਤੀਸਰੀ ਪੌੜੀ ਉੱਤੇ ਬੈਠ ਗਏ।

“ਮੇਰੇ ਕਾਰਨ ਅੱਜ ਤੁਹਾਡੀ ਸਵੇਰ ਦੀ ਸੈਰ ਨਹੀਂ ਹੋਣੀ”, ਸੁੰਦਰ ਬਾਬੂ ਨੇ ਥੋੜ੍ਹਾ ਅਸਹਿਜ ਹੁੰਦੇ ਹੋਏ ਕਿਹਾ।

“ਨਹੀਂ ਯਾਰ, ਅਜਿਹੀ ਕੋਈ ਗੱਲ ਨਹੀਂ”, ਰਾਧੇਸ਼ਾਮ ਜੀ ਨੇ ਕਿਹਾ।

ਰਾਧੇਸ਼ਾਮ ਜੀ ਸ਼ਹਿਰ ਦੇ ਸਨਮਾਨਿਤ ਉਦਯੋਗਪਤੀ ਹਨ। ਸ਼ਹਿਰ ਵਿੱਚ ਉਨ੍ਹਾਂ ਦੇ ਕਾਰਖਾਨੇ ਤੇ ਹੋਰ ਬਹੁਤ ਸਾਰਾ ਵਪਾਰ ਹੈ। ਸੁੰਦਰ ਬਾਬੂ ਇੱਕ ਸਾਧਾਰਨ ਮੱਧਮ ਵਰਗ ਤੋਂ ਹਨ।

ਪੌੜੀ ਦੀ ਕੰਧ ਨਾਲ ਪਿੱਠ ਟਿਕਾ ਕੇ ਰਾਧੇਸ਼ਾਮ ਜੀ ਬੋਲੇ, “ਸੁੰਦਰ ਬਾਬੂ, ਜੀਉਣ ਦਾ ਮਨ ਨਹੀਂ ਕਰਦਾ। ਇੰਨਾ ਕੁਝ ਮੇਰੇ ਕੋਲ ਹੈ। ਭਰਿਆ-ਪੂਰਾ ਪਰਵਾਰ, ਬੇਟੇ-ਨੂੰਹਾਂ, ਦੋਹਤੇ-ਪੋਤਰੇ। ਨੌਕਰਾਂ ਦੀ ਕਮੀ ਨਹੀਂ, ਸਕੂਨ ਨਹੀਂ ਹੈ।”

“ਅਜਿਹਾ ਕਿਉਂ ਕਹਿ ਰਹੇ ਹੋ ਤੁਸੀਂ?” ਸੁੰਦਰ ਬਾਬੂ ਨੇ ਹੈਰਾਨੀ ਨਾਲ ਪੁੱਛਿਆ।

“ਜਿਨ੍ਹਾਂ ਦੇ ਨੂੰਹ-ਪੁੱਤ ਨੂੰ, ਪੋਤਰਿਆਂ ਨੂੰ ਆਪਣੇ ਮਾਂ-ਬਾਪ, ਦਾਦਾ-ਦਾਦੀ ਕੋਲ ਬੈਠਣ ਦਾ ਸਮਾਂ ਨਹੀਂ, ਉਸ ਦੇ ਲਈ ਅਜਿਹੀ ਜ਼ਿੰਦਗੀ ਕਿਸ ਕੰਮ ਦੀ। ਮੈਨੂੰ ਲੱਗਦਾ ਹੈ ਬਹੁਤ ਕੁਝ ਹੋਣ ਦੇ ਬਾਵਜੂਦ ਵੀ ਸਭ ਕੁਝ ਗੁਆ ਦਿੱਤਾ ਹੈ।" ਇੰਨਾ ਕਹਿ ਕੇ ਰਾਧੇਸ਼ਾਮ ਜੀ ਭਾਵੁਕ ਹੋ ਗਏ।

ਦਿਨ ਹੌਲੀ-ਹੌਲੀ ਆਪਣੇ ਪੈਰ ਪਸਾਰ ਰਿਹਾ ਸੀ। ਤਲਾਬ ਦੇ ਆਸਪਾਸ ਵਾਤਾਵਰਣ ਵਿੱਚ ਸ਼ਾਂਤੀ ਸੀ, ਮੰਨੋ ਹਵਾ ਨੇ ਛੁੱਟੀ ਲੈ ਲਈ ਹੋਵੇ।

“ਬਾਬੂ ਜੀ ਚਾਹ”, ਝੁਮਰੂ ਚਾਹ ਵਾਲੇ ਨੇ ਆਵਾਜ਼ ਲਾ ਕੇ ਸ਼ਾਂਤੀ ਨੂੰ ਭੰਗ ਕਰ ਦਿੱਤਾ। ਪੌੜੀ ਉੱਤੇ ਦੋਵੇਂ ਗਿਲਾਸ ਰੱਖ ਕੇ ਚਲਾ ਗਿਆ। ਦੋਵੇਂ ਚਾਹ ਪੀਣ ਲੱਗੇ। ਚਾਹ ਪੀਂਦੇ-ਪੀਂਦੇ ਉਹ ਦੋਵੇਂ ਚੁੱਪ ਰਹੇ। ਚਾਹ ਪੀਣ ਪਿੱਛੋਂ ਰਾਧੇਸ਼ਾਮ ਜੀ ਨੇ ਸੁੰਦਰ ਬਾਬੂ ਦੇ ਮੋਢੇ ਉੱਤੇ ਹੱਥ ਰੱਖ ਕੇ ਕਿਹਾ, “ਤੁਸੀਂ ਜਾਣਦੇ ਹੋ ਸੁੰਦਰ ਬਾਬੂ, ਮਾਂ ਅਤੇ ਬਾਊ ਜੀ ਦੀ ਮੌਤ ਦੇ ਬਾਅਦ ਜਦ ਮੈਂ ਇਕੱਲਾ ਰਹਿ ਗਿਆ ਸੀ ਤਾਂ ਮੈਨੂੰ ਆਪਣੀ ਝੋਂਪੜੀ ਵਿੱਚ ਸੌਣ ਤੋਂ ਬਹੁਤ ਡਰ ਲੱਗਦਾ ਸੀ। ਕਈ ਰਾਤਾਂ ਮੈਂ ਜਾਗ ਕੇ ਕੱਟੀਆਂ। ਫਿਰ ਇੱਕ ਦਿਨ ਮੇਰੀ ਝੌਂਪੜੀ ਦੀ ਛੱਤ ਹਨੇਰੀ ਵਿੱਚ ਉਡ ਗਈ। ਮੈਂ ਰਾਤ ਨੂੰ ਸੌਂਦਾ ਤਾਂ ਉਪਰ ਲੈਣ ਲਈ ਮੇਰੇ ਕੋਲ ਇੱਕ ਰਜਾਈ ਅਤੇ ਇੱਕ ਚਾਦਰ ਸੀ। ਦੋਵੇਂ ਪਾਟੀਆਂ ਹੋਈਆਂ ਸਨ। ਜਗ੍ਹਾ-ਜਗ੍ਹਾ ਉਨ੍ਹਾਂ ਦੋਵਾਂ ਵਿੱਚ ਛੇਕ ਸਨ। ਮੈਂ ਜਦ ਉਪਰ ਲੈਂਦਾ ਤਾਂ ਰਜਾਈ ਤੇ ਚਾਦਰ ਦੇ ਛੇਕ ਵਿੱਚੋਂ ਮੈਨੂੰ ਚੰਨ ਦਿਖਾਈ ਦਿੰਦਾ। ਮੈਂ ਚੰਨ ਨੂੰ ਨਿਹਾਰਦਾ ਰਹਿੰਦਾ, ਗੱਲਾਂ ਕਰਦਾ ਤੇ ਗੱਲਾਂ ਕਰਦੇ-ਕਰਦੇ ਕਦੋਂ ਨੀਂਦ ਆ ਜਾਂਦੀ, ਮੈਨੂੰ ਪਤਾ ਵੀ ਨਹੀਂ ਚੱਲਦਾ ਸੀ। ਜਿਸ ਰਾਤ ਚੰਨ ਅਸਮਾਨ ਵਿੱਚ ਨਾ ਹੁੰਦਾ, ਮੈਂ ਢੰਗ ਨਾਲ ਸੌਂ ਨਹੀਂ ਪਾਉਂਦਾ ਸੀ। ਅੱਜਕੱਲ੍ਹ ਮੈਂ ਰਾਤ ਉਠ-ਉਠ ਕੇ ਚੰਨ ਨੂੰ ਦੇਖਣ ਘਰ ਦੀ ਬਾਲਕਨੀ ਵਿੱਚ ਆਉਂਦਾ ਹਾਂ। ਘਰ ਦੀ ਪੰਜਵੀਂ ਮੰਜ਼ਿਲ ਉੱਤੇ ਮੇਰੇ ਕੋਲੋਂ ਚੜ੍ਹਿਆ ਨਹੀਂ ਜਾਂਦਾ।”ਉਨ੍ਹਾਂ ਨੇ ਕਹਿਣਾ ਜਾਰੀ ਰੱਖਿਆ, “ਸੁੰਦਰ ਬਾਬੂ, ਇਸ ਤੋਂ ਚੰਗੇ ਉਹ ਦਿਨ ਸਨ, ਜਦ ਮੈਂ ਠੇਲਾ ਚਲਾਉਂਦਾ ਸੀ। ਪੂਰੇ ਦਿਨ ਠੇਲਾ ਮੇਰੇ ਨਾਲ ਰਹਿੰਦਾ ਸੀ। ਜਦ ਕਦੇ ਮੈਂ ਥੋੜ੍ਹਾ ਆਰਾਮ ਕਰਨਾ ਹੁੰਦਾ, ਠੇਲੇ ਉੱਤੇ ਲੇਟਦਾ ਤਾਂ ਮੇਰੀ ਪਿੱਠ ਅਤੇ ਠੇਲੇ ਦੀ ਛਾਤੀ ਆਪਸ ਵਿੱਚ ਗੱਲ ਕਰ ਲਿਆ ਕਰਦੀ। ਉਸ ਨਿਰਜੀਵ ਤੋਂ ਮੈਨੂੰ ਜਿੰਨਾ ਪਿਆਰ ਮਿਲਿਆ, ਜੀਂਦੇ-ਜਾਗਦੇ ਆਪਣਿਆਂ ਤੋਂ ਨਹੀਂ ਮਿਲ ਸਕਿਆ।” ਕਹਿੰਦੇ-ਕਹਿੰਦੇ ਰਾਧੇਸ਼ਾਮ ਜੀ ਦੀਆਂ ਅੱਖਾਂ ਵਿੱਚ ਅੱਥਰੂ ਡਬਡਬਾ ਰਹੇ ਸਨ।

ਸੁੰਦਰ ਬਾਬੂ ਨੇ ਉਨ੍ਹਾਂ ਨੂੰ ਇੰਨਾ ਦੁਖੀ ਕਦੇ ਨਹੀਂ ਦੇਖਿਆ ਸੀ। ਉਹ ਉਨ੍ਹਾਂ ਨੂੰ ਤਦ ਤੋਂ ਜਾਣਦੇ ਹਨ, ਜਦ ਉਹ ਝੌਂਪੜੀ ਵਿੱਚ ਉਨ੍ਹਾਂ ਦੇ ਘਰ ਦੇ ਨਾਲ ਰਹਿੰਦੇ ਸਨ।

“ਸੁੰਦਰ ਬਾਬੂ ਪੈਸਾ ਓਨਾ ਹੀ ਜੋੜਨਾ ਚਾਹੀਦੈ ਕਿ ਬੱਸ ਜ਼ਰੂਰਤ ਤੋਂ ਥੋੜ੍ਹਾ ਜ਼ਿਆਦਾ ਹੋਵੇ। ਇੱਕ ਘਰ ਹੋਵੇ ਛੋਟਾ ਜਿਹਾ ਜਿਸ ਵਿੱਚ ਛੋਟਾ ਜਿਹਾ ਵਿਹੜਾ ਅਤੇ ਛੱਤ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਤੋਂ ਕਿ ਚੰਨ ਨੂੰ ਨਿਹਾਰਿਆ ਜਾ ਸਕੇ।” ਇੰਨਾ ਕਹਿ ਕੇ ਰਾਧੇਸ਼ਾਮ ਜੀ ਚੁੱਪ ਹੋ ਗਏ।

“ਤੁਹਾਡੇ ਵਰਗਾ ਹਿੰਮਤੀ ਆਦਮੀ ਇੰਨੀ ਆਸਾਨੀ ਨਾਲ ਟੁੱਟਣ ਵਾਲਾ ਤਾਂ ਨਹੀਂ”, ਬਹੁਤ ਦੇਰ ਦੀ ਚੁੱਪ ਤੋੜਦੇ ਹੋਏ ਸੁੰਦਰ ਬਾਬੂ ਨੇ ਕਿਹਾ।ਰਾਧੇਸ਼ਾਮ ਜੀ ਉਨ੍ਹਾਂ ਦੇ ਮੋਢੇ ਉੱਤੇ ਹੱਥ ਰੱਖ ਕੇ ਥੋੜ੍ਹੀ ਦੇਰ ਬੈਠੇ ਰਹੇ। “ਚੱਲਦੇ ਹਾਂ ਸੁੰਦਰ ਬਾਬੂ,” ਬੜੀ ਮਾਯੂਸੀ ਨਾਲ ਰਾਧੇਸ਼ਾਮ ਜੀ ਨੇ ਕਿਹਾ, ਮੰਨੋ ਉਨ੍ਹਾਂ ਦਾ ਮਨ ਉਠਣਾ ਨਹੀਂ ਚਾਹੁੰਦਾ ਸੀ।

ਰਾਧੇਸ਼ਾਮ ਜੀ ਨੇ ਆਪਣੀ ਸਾਈਕਲ ਚੁੱਕੀਅਤੇ ਚੱਲ ਪਏ। ਸੁੰਦਰ ਬਾਬੂ ਨੇ ਵੀ ਆਪਣੀ ਰਾਹ ਫੜ ਲਈ।

ਦੂਸਰੇ ਦਿਨ ਸਵੇਰੇ ਸੁੰਦਰ ਬਾਬੂ ਘਰ ਵਿੱਚ ਚਾਹ ਪੀ ਰਹੇ ਸਨ ਕਿ ਦਰਵਾਜ਼ਾ ਖੜਕਣ ਦੀ ਆਵਾਜ਼ ਆਈ।

“ਸੁੰਦਰ ਬਾਬੂ”, ਬਾਹਰੋਂ ਕਿਸੇ ਅਣਜਾਣ ਵਿਅਕਤੀ ਦੀ ਆਵਾਜ਼ ਸੀ।

“ਆਇਆ”, ਕਹਿ ਕੇ ਸੁੰਦਰ ਬਾਬੂ ਨੇ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਰਾਧੇਸ਼ਾਮ ਜੀ ਦੇ ਕਾਰਖਾਨੇ ਦਾ ਇੱਕ ਕਰਮਚਾਰੀ ਖੜ੍ਹਾ ਸੀ। ਉਸ ਦੇ ਹੱਥ ਵਿੱਚ ਇੱਕ ਲਿਫਾਫਾ ਸੀ। ਸੁੰਦਰ ਬਾਬੂ ਨੂੰ ਹੱਥ ਵਿੱਚ ਲਿਫਾਫਾ ਦਿੰਦੇ ਹੋਏ ਉਸ ਨੇ ਕਿਹਾ, “ਰਾਧੇਸ਼ਾਮ ਬਾਊ ਜੀ ਨੇ ਕਿਹਾ ਸੀ ਸਵੇਰੇ ਜਾ ਕੇ ਇਹ ਲਿਫਾਫਾ ਤੁਹਾਨੂੰ ਦੇ ਦੇਣਾ।”

“ਕੀ ਹੈ ਇਸ ਵਿੱਚ?”

“ਮੈਨੂੰ ਨਹੀਂ ਪਤਾ”, ਕਰਮਚਾਰੀ ਨੇ ਅਣਜਾਣਤਾ ਪ੍ਰਗਟ ਕੀਤੀ ਅਤੇ ਚਲਾ ਗਿਆ।

ਸੁੰਦਰ ਬਾਬੂ ਨੇ ਲਿਫਾਫਾ ਖੋਲ੍ਹਿਆ ਤਾਂ ਦੇਖਿਆ ਉਸ ਵਿੱਚ ਇੱਕ ਸਟੰਪ ਪੇਪਰ ਸੀ। ਪੂਰਾ ਪੜ੍ਹਨ ਦੇ ਬਾਅਦ ਉਹ ਹੈਰਾਨ ਰਹਿ ਗਏ। ਰਾਧੇਸ਼ਾਮ ਜੀ ਨੇ ਕਾਰਖਾਨੇ ਨਾਲ ਲੱਗਦਾ ਇੱਕ ਛੋਟਾ ਜਿਹਾ ਮਕਾਨ ਸੁੰਦਰ ਬਾਬੂ ਦੇ ਨਾਂਅ ਕਰ ਦਿੱਤਾ ਸੀ। ਅਜੇ ਤੱਕ ਸੁੰਦਰ ਬਾਬੂ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸਨ। ਉਹ ਸਟੰਪ ਪੇਪਰ ਨੂੰ ਲਿਫਾਫੇ ਵਿੱਚ ਪਾ ਰਹੇ ਸਨ ਕਿ ਉਨ੍ਹਾਂ ਦੇ ਗੁਆਂਢੀ ਦਾਸ ਜੀ ਉਨ੍ਹਾਂ ਕੋਲ ਅਖਬਾਰ ਲੈ ਕੇ ਦੌੜਦੇ ਆਏ ਅਤੇ ਬੋਲੇ, “ਸੁੰਦਰ ਬਾਬੂ ਦੇਖਣਾ, ਅਖਬਾਰ ਵਿੱਚ ਕੀ ਛਪਿਆ ਹੈ?” ਇੰਨਾ ਕਹਿ ਕੇ ਉਨ੍ਹਾਂ ਨੇ ਅਖਬਾਰ ਉਨ੍ਹਾਂ ਨੂੰ ਫੜਾ ਦਿੱਤਾ।

ਅਖਬਾਰ ਵਿੱਚ ਵੱਡੀ ਸੁਰਖੀਆਂ ਵਿੱਚ ਛਪਿਆ ਹੋਇਆ ਸੀ, “ਉਦਯੋਗਪਤੀ ਰਾਧੇਸ਼ਾਮ ਨਹੀਂ ਰਹੇ।”

ਸੁੰਦਰ ਬਾਬੂ ਨੂੰ ਚੱਕਰ ਜਿਹਾ ਮਹਿਸੂਸ ਹੋਣ ਲੱਗਾ। ਉਹ ਉਥੇ ਹੀ ਜ਼ਮੀਨ ਉੱਤੇ ਬੈਠ ਗਏ।

# ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਆਡਿਟ ਕਰਵਾਇਆ ਜਾਵੇਗਾ : ਭਗਵੰਤ ਮਾਨ

## * ਕਰਜ਼ਾ ਚੁੱਕਣ ਦੇ ਮੰਤਵਾਂ ਦੀ ਵੀ ਜਾਂਚ ਹੋਵੇਗੀ * ਗਬਨ ਕੀਤਾ ਪੈਸਾ ਵਸੂਲ ਕੀਤਾ ਜਾਵੇਗਾ

ਚੰਡੀਗੜ੍ਹ, 19 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੱਲ੍ਹ ਪੰਜਾਬ ਸਿਰ ਚੜ੍ਹੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦਾ ਆਡਿਟ ਕਰਨ ਦੇ ਲਈ ਹੁਕਮ ਜਾਰੀ ਕੀਤੇ ਹਨ। ਇਸ ਜਾਂਚ ਦੌਰਾਨ ਪਿਛਲੀਆਂ ਸਰਕਾਰਾਂ ਵੱਲੋਂ ਚੁੱਕੇ ਗਏ ਬੇਤਹਾਸ਼ਾ ਕਰਜ਼ੇ ਦੇ ਮਨੋਰਥਾਂ ਦਾ ਲੇਖਾ-ਜੋਖਾ ਵੀ ਕੀਤਾ ਜਾਵੇਗਾ।



ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਚੋਣ ਪ੍ਰਚਾਰ ਦੌਰਾਨ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਸਟੇਜਾਂ ਤੋਂ ਖੂਬ ਪ੍ਰਚਾਰਿਆ ਸੀ। ਪੰਜਾਬ ਸਿਰ ਚੜ੍ਹਿਆ ਇਹ ਕਰਜ਼ਾ ਨਵੀਂ ਸਰਕਾਰ ਲਈ ਸਮੱਸਿਆ ਬਣ ਸਕਦਾ ਹੈ, ਕਿਉਂਕਿ ਸਰਕਾਰ ਅੱਗੇ ਰਾਜ ਦੀ ਲੀਹੋਂ ਲੱਥੀ ਆਰਥਿਕਤਾ ਨੂੰ ਪਟੜੀ ਉੱਤੇ ਲਿਆਉਣ ਦੀ ਚੁਣੌਤੀ ਹੈ। ਇਸ ਜਾਂਚ ਵਿੱਚ ਦੇਖਿਆ ਜਾਵੇਗਾ ਕਿ ਇਹ ਕਰਜ਼ਾ ਕਿਸ ਮੰਤਵ ਲਈ ਚੁੱਕਿਆ ਗਿਆ ਅਤੇ ਪੈਸਾ ਕਿੱਥੇ-ਕਿੱਥੇ ਖਰਚਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਪੈਸੇ ਵਸੂਲ ਵੀ ਕਰਾਵੇਗੀ। ਉਨ੍ਹਾਂ ਪੁੱਛਿਆ ਕਿ ਪੰਜਾਬ ਵਿੱਚ ਪਿਛਲੇ ਕੁਝ ਸਮੇਂ ਦੌਰਾਨ ਕੋਈ ਸਕੂਲ-ਕਾਲਜ, ਹਸਪਤਾਲ ਤੇ ਯੂਨੀਵਰਸਿਟੀ ਨਹੀਂ ਬਣੀ, ਫਿਰ ਇਹ ਪੈਸਾ ਕਿੱਥੇ ਖਰਚ ਹੋ ਗਿਆ। ਉਨ੍ਹਾ ਨੇ ਇੱਕ ਸਮਾਗਮ ਵਿੱਚ ਵਿਅੰਗ ਕੱਸਦਿਆਂ ਕਿਹਾ ਕਿ ਇਹ 'ਪੈਸਾ ਪਹਾੜਾਂ ਦੀਆਂ ਜੜ੍ਹਾਂ ਵਿੱਚ ਪਿਆ ਹੈ।'ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਕੱਲ੍ਹ ਕਿਹਾ ਕਿ ਇਸ ਪੈਸੇ ਦੀ ਰਿਕਵਰੀ ਕਰਾਵਾਂਗੇ। ਪੰਜਾਬ ਦੀ ਟੈਕਸ ਆਮਦਨ ਵਿੱਚ ਪਿਛਲੀਆਂ ਸਰਕਾਰਾਂ ਦੇ ਰਾਜ ਦੌਰਾਨ ਕੋਈ ਖਾਸ ਵਾਧਾ ਨਹੀਂ ਹੋਇਆ ਤੇ ਸੂਬੇ ਦੀ ਗੱਡੀ ਕਰਜ਼ਾ ਚੁੱਕ ਕੇ ਚੱਲਦੀ ਰਹੀ ਹੈ। ਪੰਜਾਬ ਸਿਰ ਚੜ੍ਹੇ ਕਰਜ਼ੇ ਲਈ ਪਹਿਲਾਂ ਸਰਕਾਰ ਚਲਾ ਚੁੱਕੀਆਂ ਸਿਆਸੀ ਧਿਰਾਂ ਉੱਤੇ ਉਂਗਲ ਉਠਦੀ ਰਹੀ ਹੈ। ਪਤਾ ਲੱਗਾ ਹੈ ਕਿ ਮਾਰਚ 2022 ਤੱਕ ਪੰਜਾਬ ਸਿਰ ਕੁੱਲ ਕਰਜ਼ਾ 2.73 ਲੱਖ ਕਰੋੜ ਰੁਪਏ ਬਣਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਦਾ ਦਾਅਵਾ ਕੀਤਾ ਹੈ। ਰਾਜ ਦਾ ਆਬਾਦੀ ਕਰੀਬ ਤਿੰਨ ਕਰੋੜ ਹੋਣ ਕਰ ਕੇ ਪੰਜਾਬ ਦੇ ਹਰ ਬਾਸ਼ਿੰਦੇ ਦੇ ਹਿੱਸੇ ਇੱਕ-ਇੱਕ ਕਰੋੜ ਰੁਪਏ ਕਰਜ਼ਾ ਬਣਦਾ ਹੈ। ਬੀਤੇ ਮਾਲੀ ਸਾਲ ਵਿੱਚ ਸਾਲਾਨਾ ਆਮਦਨ ਦਾ 21 ਫੀਸਦੀ ਤੋਂ ਵੱਧ ਪੈਸਾ ਕਰਜ਼ੇ ਦੇ ਵਿਆਜ ਦੀ ਕਿਸ਼ਤ ਵਿੱਚ ਗਿਆ ਅਤੇ 36.9 ਫੀਸਦੀ ਤਨਖਾਹਾਂ ਅਤੇ ਪੈਨਸ਼ਨਾਂ ਦੇ ਭੁਗਤਾਨ ਵਿੱਚ ਖਰਚ ਹੁੰਦਾ ਰਿਹਾ ਹੈ।

ਮਿਲੀ ਜਾਣਕਾਰੀ ਮੁਤਾਬਕ ਜਦ ਕਾਂਗਰਸ ਨੇ 2017 ਵਿੱਚ ਸੱਤਾ ਸੰਭਾਲੀ ਤਾਂ ਪੰਜਾਬ ਸਿਰ 1.82 ਲੱਖ ਕਰੋੜ ਰੁਪਏ ਕਰਜ਼ਾ ਸੀ, ਜੋ ਪੰਜ ਸਾਲਾਂ ਵਿੱਚ ਵੱਧ ਕੇ 2.74 ਲੱਖ ਕਰੋੜ ਰੁਪਏ ਹੋ ਗਿਆ। ਇਸ ਤਰ੍ਹਾਂ ਕਾਂਗਰਸ ਸਰਕਾਰ ਨੇ ਪੰਜ ਸਾਲਾਂ ਵਿੱਚ ਕਰੀਬ 91 ਹਜ਼ਾਰ ਕਰੋੜ ਰੁਪਏ ਨਵਾਂ ਕਰਜ਼ਾ ਲਿਆ। ਓਦੋਂ ਪਹਿਲਾਂ ਜਦੋਂ ਅਕਾਲੀ-ਭਾਜਪਾ ਗੱਠਜੋੜ ਸਰਕਾਰ 2007 ਵਿੱਚ ਬਣੀ ਤਾਂ ਪੰਜਾਬ ਸਿਰ 51,153 ਕਰੋੜ ਰੁਪਏ ਕਰਜ਼ਾ ਸੀ, ਜੋ ਅਗਲੇ ਦਸ ਸਾਲਾਂ ਵਿੱਚ ਵਧ ਕੇ 1.82 ਕਰੋੜ ਰੁਪਏ ਹੋ ਗਿਆ। ਇਸ ਤਰ੍ਹਾਂ ਗੱਠਜੋੜ ਸਰਕਾਰ ਨੇ 10 ਸਾਲਾਂ ਵਿੱਚ 1.31 ਲੱਖ ਰੁਪਏ ਕਰਜ਼ਾ ਚੁੱਕਿਆ। ਪਿਛਲੇ ਵਰ੍ਹੇ ਜਦੋਂ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਬਹੁਤ ਐਲਾਨ ਕੀਤੇ ਸਨ, ਜਿਨ੍ਹਾਂ ਦੇ ਬਕਾਏ ਦਾ ਸਰਕਾਰ ਭੁਗਤਾਨ ਨਹੀਂ ਕਰ ਸਕੀ। ਉਸ ਸਰਕਾਰ ਦੇ ਤਿੰਨ ਰੁਪਏ ਯੂਨਿਟ ਸਸਤੀ ਬਿਜਲੀ ਦੇਣ ਦੇ 1700 ਕਰੋੜ, ਡਿਫਾਲਟਰਾਂ ਦੇ ਬਕਾਏ ਮੁਆਫ ਕਰਨ ਦੇ 1500 ਕਰੋੜ, ਜਲ ਕੁਨੈਕਸ਼ਨਾਂ ਦੀ ਮੁਆਫੀ ਦੇ 600 ਕਰੋੜ ਅਤੇ ਨਰਮੇ ਦੇ ਮੁਆਵਜ਼ੇ ਦੇ ਕਰੀਬ 100 ਕਰੋੜ ਦੇ ਬਕਾਏ ਹਾਲੇ ਤੱਕ ਤਾਰੇ ਨਹੀਂ ਗਏ।

ਜਦੋਂ ਅਮਰਿੰਦਰ ਸਿੰਘ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਦੋਂ ਦੇ ਵਿੱਤ ਮੰਤਰੀ ਲਾਲ ਸਿੰਘ ਨੇ 25 ਮਾਰਚ 2002 ਨੂੰ ਪੰਜਾਬ ਦੀ ਵਿੱਤੀ ਸਥਿਤੀ ਉੱਤੇ ਵ੍ਹਾਈਟ ਪੇਪਰ ਜਾਰੀ ਕੀਤਾ ਸੀ। ਫਿਰ ਪੰਜ ਸਾਲ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਨੇ ਵੀ ਵ੍ਹਾਈਟ ਪੇਪਰ ਜਾਰੀ ਕੀਤਾ ਸੀ।ਆਜ਼ਾਦੀ ਪਿੱਛੋਂ 1954 ਵਿੱਚ ਪੰਜਾਬ ਉੱਤੇ 138 ਕਰੋੜ ਰੁਪਏ ਕਰਜ਼ਾ ਸੀ ਤੇ 1991 ਤੱਕ ਕਰਜ਼ਾ ਕੰਟਰੋਲ ਵਿੱਚ ਰਿਹਾ। 1991 ਵਿੱਚ ਪੰਜਾਬ ਸਿਰ 9,868 ਕਰੋੜ ਰੁਪਏ ਕਰਜ਼ਾ ਸੀ, ਜੋ 1994 ਵਿੱਚ ਵਧ ਕੇ 10,499 ਕਰੋੜ ਹੋ ਗਿਆ ਸੀ। 1997 ਵਿੱਚ ਗੱਠਜੋੜ ਸਰਕਾਰ ਸਮੇਂ ਪੰਜਾਬ ਵਿੱਚ 15,249 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2001 ਵਿੱਚ ਵਧ ਕੇ 27,830 ਕਰੋੜ ਹੋ ਗਿਆ ਸੀ।

# ਸੁਨੀਲ ਜਾਖੜ ਨੇ ਪਾਰਟੀ ਦੇ ਨੋਟਿਸ ਦਾ ਜਵਾਬ ਨਹੀਂ ਦਿੱਤਾ

## * ਕਾਂਗਰਸ ਪਾਰਟੀ ਛੱਡਣ ਦੀਆਂ ਸੰਭਾਵਨਾਵਾਂ ਦੇ ਚਰਚੇ

ਚੰਡੀਗੜ੍ਹ, 19 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸ ਵੱਲੋਂ ਭੇਜੇ ਗਏ ਕਾਰਨ ਦੱਸੋ ਨੋਟਿਸ ਦਾ ਜਵਾਬ ਨਹੀਂ ਦਿੱਤਾ। ਇਹ ਜਵਾਬ ਕੱਲ੍ਹ ਤੱਕ ਦੇਣਾ ਸੀ, ਪਰ ਉਨ੍ਹਾਂ ਨੇ ਨਾ ਤਾਂ ਜਵਾਬ ਦਿੱਤਾ ਅਤੇ ਨਾ ਇਸ ਬਾਰੇ ਕੋਈ ਪ੍ਰਤੀਕਿਰਿਆ ਦਿੱਤੀ ਹੈ। ਦੱਸਿਆ ਜਾਦਾ ਹੈ ਕਿ ਪਾਰਟੀ ਤੋਂ ਜਾਖੜ ਇੰਨੇ ਨਿਰਾਸ਼ ਹਨ ਕਿ ਉਹ ਕਾਂਗਰਸ ਨੂੰ ਛੱਡ ਸਕਦੇ ਹਨ। ਇਸ ਬਾਰੇ ਅਗਲੇ ਇੱਕ-ਦੋ ਦਿਨ ਵਿੱਚ ਜਾਖੜ ਸਥਿਤੀ ਸਪੱਸ਼ਟ ਕਰ ਦੇਣਗੇ। ਦੂਸਰੇ ਪਾਸੇ ਜਾਖੜ ਵੱਲੋਂ ਜਵਾਬ ਨਾ ਦੇਣ ਉੱਤੇ ਪਾਰਟੀ ਦੀ ਪਰੇਸ਼ਾਨੀ ਵਧ ਗਈ ਹੈ।

ਵਰਣਨਯੋਗ ਹੈ ਕਿ ਪੰਜਾਬ ਕਾਂਗਰਸ ਦੇ ਸੂਬਾ ਇੰਚਾਰਜ ਹਰੀਸ਼ ਚੌਧਰੀ ਦੀ ਸ਼ਿਕਾਇਤ ਉੱਤੇ ਕਾਂਗਰਸ ਪਾਰਟੀ ਦੀ ਡਿਸਿਪਲਿਨ ਕਮੇਟੀ ਨੇ ਸੁਨੀਲ ਜਾਖੜ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਸੀ। 11 ਅਪ੍ਰੈਲ ਨੂੰ ਜਾਰੀ ਇਸ ਨੋਟਿਸ ਵਿੱਚ ਕਿਹਾ ਗਿਆ ਕਿ ਉਨ੍ਹਾਂ ਨੇ ਪਾਰਟੀ ਦੇ ਨੇਤਾ ਖਿਲਾਫ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਤੇ ਪੰਜਾਬ ਵਿੱਚ ਵਿਧਾਇਕ ਦਲ ਦਾ ਨੇਤਾ ਚੁਣਦੇ ਸਮੇਂ ਫਿਰਕੂ ਮਾਨਸਿਕਤਾ ਅਪਣਾਈ ਹੈ। ਵਿਧਾਨ ਸਭਾ ਚੋਣਾਂ ਵਿੱਚ ਜਾਖੜ ਨੇ ਬਿਆਨ ਦਿੱਤਾ ਸੀ ਕਿ 42 ਵਿਧਾਇਕਾਂ ਦੇ ਵੋਟ ਦੇ ਬਾਵਜੂਦ ਉਨ੍ਹਾਂ ਨੂੰ ਮੁੱਖ ਮੰਤਰੀ ਇਸ ਲਈ ਨਹੀਂ ਸੀ ਬਣਾਇਆ ਕਿ ਹਿੰਦੂ ਸਨ। ਜਾਖੜ ਦੇ ਇਸ ਬਿਆਨਦਾ ਚੋਣ ਨਤੀਜੇ ਆਉਣ ਦੇ ਇੱਕ ਮਹੀਨੇ ਬਾਅਦ ਪਾਰਟੀ ਨੇ ਨੋਟਿਸ ਲਿਆ ਅਤੇ ਫਿਰ ਜਾਖੜ ਨੂੰ ਸੱਤ ਦਿਨ ਵਿੱਚ ਜਵਾਬ ਦੇਣ ਲਈ ਕਿਹਾ ਸੀ। ਕੱਲ੍ਹ ਸੱਤ ਦਿਨ ਖਤਮ ਹੋ ਗਏ, ਪਰ ਜਾਖੜ ਨੇ ਜਵਾਬ ਨਹੀਂ ਦਿੱਤਾ।



ਚਰਚਾ ਹੈ ਕਿ ਸੁਨੀਲ ਜਾਖੜ ਕਾਂਗਰਸ ਵਿੱਚ ਰਹਿਣ ਦੇ ਮੂਡ ਵਿੱਚ ਨਹੀਂ। ਏਸੇ ਲਈ ਉਨ੍ਹਾਂ ਨੇ ਪਾਰਟੀ ਨੂੰ ਕੋਈ ਜਵਾਬ ਨਹੀਂ ਦਿੱਤਾ। ਸਰਗਰਮ ਸਿਆਸਤ ਤੋਂ ਸੰਨਿਆਸ ਲੈ ਚੁੱਕੇ ਜਾਖੜ ਪਾਰਟੀ ਨਾਲ ਕਾਫੀ ਨਾਰਾਜ਼ ਹਨ। ਪਹਿਲਾਂ ਸੂਬਾ ਪ੍ਰਧਾਨ ਵਜੋਂ ਸੁਨੀਲ ਜਾਖੜ ਪਾਰਟੀ ਹਾਈਕਮਾਨ ਨੂੰ ਕੈਪਟਨ ਅਮਰਿੰਦਰ ਸਿੰਘ ਬਾਰੇ ਰਿਪੋਰਟ ਭੇਜਦੇ ਰਹੇ, ਪ੍ਰੰਤੂ ਹਾਈਕਮਾਨ ਨੇ ਕਦੇ ਉਸ ਉੱਤੇ ਧਿਆਨ ਨਹੀਂ ਦਿੱਤਾ। ਜਦ ਸਥਿਤੀ ਬਦ ਤੋਂ ਬਦਤਰ ਹੋਣ ਲੱਗੀ ਤਾਂ ਪਾਰਟੀ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ। ਜਦ ਹਾਈਕਮਾਨ ਨੇ ਜਾਖੜ ਨੂੰ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਲਿਆ ਤਾਂ ਅਜਿਹੀ ਸਥਿਤੀ ਬਣਾਈ ਗਈ ਕਿ ਹਿੰਦੂ ਹੋਣ ਕਾਰਨ ਉਹ ਮੁੱਖ ਮੰਤਰੀ ਨਹੀਂ ਬਣ ਸਕੇ। ਜਾਖੜ ਦੇ ਕਰੀਬੀ ਦੱਸਦੇ ਹਨ ਕਿ ਜਾਖੜ ਨੇ ਕਾਂਗਰਸ ਨੂੰ ਅਲਵਿਦਾ ਕਹਿਣ ਦਾ ਮਨ ਬਣਾ ਲਿਆ ਹੈ।

# ਸਾਨ੍ਹ ਨਾਲ ਵੱਜਣ ਕੇ ਮਾਲ ਗੱਡੀ ਪੱਟੜੀ ਤੋਂ ਉਤਰੀ



ਰੂਪਨਗਰ, 19 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਸਵੇਰੇ ਇੱਕ ਤੇਜ਼ ਰਫ਼ਤਾਰ ਮਾਲ ਗੱਡੀ ਦੇ ਇੰਜਣ ਦੇ ਨਾਲ ਇੱਕ ਸਾਨ੍ਹ ਦੇ ਟਕਰਾ ਜਾਣ ਕਾਰਨ 16 ਡੱਬੇ ਪੱਟੜੀ ਤੋਂ ਉਤਰ ਗਏ।

ਮਿਲੀ ਜਾਣਕਾਰੀ ਅਨੁਸਾਰ ਉਕਤ ਮਾਲ ਗੱਡੀ ਵਿੱਚ 58 ਬੋਗੀਆਂ ਲੱਗੀਆਂ ਸਨ ਅਤੇ ਥਰਮਲ ਘਨੌਲੀ ਤੋਂ ਕੋਲੇ ਦੇ ਰੈਕ ਖਾਲੀ ਕਰਨ ਪਿੱਛੋਂ ਅੰਬਾਲੇ ਜਾ ਰਹੀ ਸੀ। ਉਸਦਾ ਰੂਪਨਗਰ ਵਿੱਚ ਸਟਾਪੇਜ਼ ਨਾ ਹੋਣ ਕਾਰਨ ਰੇਲਗੱਡੀ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਰੇਲਵੇ ਸਟੇਸ਼ਨ ਤੋਂ 2 ਕਿਲੋਮੀਟਰ ਦੂਰ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਨੇੜੇ ਇੱਕ ਸਾਨ੍ਹ ਨਾਲ ਟਕਰਾ ਜਾਣ ਪਿੱਛੋਂ ਇੰਜਣ ਸਾਨ੍ਹ ਨੂੰ ਕੁਚਲਦਾ ਹੋਇਆ ਅੱਗੇ ਨਿਕਲ ਗਿਆ, ਜਦਕਿ ਉਸਦੇ ਪਿੱਛੇ ਲੱਗੇ ਡੱਬਿਆਂ ਵਿੱਚੋਂ 16 ਡੱਬੇ ਪੱਟੜੀ ਤੋਂ ਉਤਰ ਗਏ। ਇਸ ਹਾਦਸੇ ਦੌਰਾਨ ਰੇਲ ਦੇ ਡੱਬੇ ਇੱਕ ਦੂਜੇ ਉਪਰ ਜਾ ਚੜ੍ਹੇ ਅਤੇ ਨਾਲ ਲੱਗਦੇ ਘਰਾਂ ਨੇੜੇ ਡਿੱਗ ਪਏ। ਪਤਾ ਲੱਗਾ ਹੈ ਕਿ ਉਕਤ ਰੇਲਗੱਡੀ ਦਾ ਇੰਜਣ ਡੱਬਿਆਂ ਤੋਂ ਵੱਖ ਹੋ ਕੇ ਲੱਗਭਗ 2 ਕਿਲੋਮੀਟਰ ਤੱਕ ਅੱਗੇ ਚਲਾ ਗਿਆ। ਇਸ ਦੀ ਜਾਣਕਾਰੀ ਮਿਲਦੇ ਸਾਰ ਅੰਬਾਲਾ ਡਵੀਜ਼ਨ ਦੇ ਡੀ ਆਰ ਐਮ (ਡਵੀਜ਼ਨਲ ਰੇਲਵੇ ਮੈਨੇਜਰ) ਗੁਰਿੰ-ਦਰ ਮੋਹਨ ਸਿੰਘ ਅਤੇ ਨਾਰਦਨ ਰੇਲਵੇ ਦੇ ਚੀਫ ਇੰਜੀਨੀਅਰ ਨਟਰਾਜ ਸਿੰਘ ਆਪਸੀ ਟੀਮ ਨਾਲ ਘਟਨਾ ਸਥਾਨ ਉੱਤੇ ਪਹੁੰਚ ਗਏ ਅਤੇ ਹਾਦਸਾਗ੍ਰਸਤ ਡੱਬਿਆਂ ਨੂੰ ਹਟਾਉਣ ਦਾ ਕਾਰਜ ਜੰਗੀ ਪੱਧਰ ਉੱਤੇ ਸ਼ੁਰੂ ਕਰ ਦਿੱਤਾ। ਹਾਦਸੇ ਤੋਂ ਬਾਅਦ ਰੇਲਵੇ ਲਾਈਨ ਬਲਾਕ ਹੋ ਜਾਣ ਤੋਂ ਬਾਅਦ ਵਿਭਾਗ ਵੱਲੋਂ ਲੱਗਭਗ ਸਾਰੀਆਂ ਆਉਣ ਜਾਣ ਵਾਲੀਆਂ 14 ਯਾਤਰੀ ਰੇਲਗੱਡੀਆਂ ਨੂੰ ਰੱਦ ਕਰ ਦਿੱਤਾ ਗਿਆ।

# ਏ ਟੀ ਐਮਜ਼ ਤੋਂ ਬੈਟਰੀਆਂ ਚੋਰੀ ਕਰਨ ਵਾਲੇ ਗੈਂਗ ਦੀਆਂ ਦੋ ਔਰਤਾਂ ਸਣੇ ਛੇ ਗ੍ਰਿਫ਼ਤਾਰ

ਜਲੰਧਰ, 19 ਅਪ੍ਰੈਲ (ਪੋਸਟ ਬਿਊਰੋ)- ਸ਼ਹਿਰ ਦੇ ਵੱਖ-ਵੱਖ ਖੇਤਰਾਂਤੋਂ ਏ ਟੀ ਐਮਜ਼ ਦੀਆਂ ਬੈਟਰੀਆਂ ਚੋਰੀ ਕਰਨ ਵਾਲੇ ਗਰੋਹ ਦੀਆਂ ਦੋ ਔਰਤਾਂ ਸਮੇਤ ਛੇ ਵਿਅਕਤੀਆਂ ਨੂੰ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਅਤੇ ਇਨ੍ਹਾਂ ਕੋਲੋਂ ਚੋਰੀ ਦੀਆਂ 15 ਬੈਟਰੀਆਂ ਅਤੇ ਦੋ ਡੀ ਵੀ ਆਰ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਬੋਬੀ ਉਰਫ਼ ਲਵਲੀ (30) ਪੁੱਤਰ ਸਲੀਮ ਵਾਸੀ ਸੁਰਾਜਗੰਜ, ਜਲੰਧਰ, ਇੰਦਰਜੀਤ ਸਿੰਘ (33) ਪੁੱਤਰ ਲੇਖਰਾਜ ਅਤੇ ਲੇਖ ਰਾਜ (66) ਪੁੱਤਰ ਫਰਾਇਆ ਰਾਮ ਵਾਸੀ ਗੜ੍ਹਾ, ਜਲੰਧਰ, ਅਕਾਸ਼ ਸ਼ਰਮਾ (44) ਪੁੱਤਰ ਅਸ਼ੋਕ ਸ਼ਰਮਾ ਵਾਸੀ ਪੰਜ ਪੀਰ, ਜਲੰਧਰ, ਪ੍ਰੀਤ (28) ਪਤਨੀ ਰਾਜਾ ਵਾਸੀ ਰਾਜ ਨਗਰ, ਜਲੰਧਰ ਅਤੇ ਪੂਜਾ ਉਰਫ਼ ਮੁੰਨਾ ਪਤਨੀ ਬੋਬੀ ਉਰਫ਼ ਲਵਲੀ ਵਾਸੀ ਸੂਰਾਜਗੰਜ, ਹਾਲ ਵਾਸੀ ਰਾਜ ਨਗਰ, ਜਲੰਧਰ ਵਜੋਂ ਦੱਸੀ ਗਈ ਹੈ। ਏ ਡੀ ਸੀ ਪੀ (ਸਿਟੀ-2) ਐਚ ਐਸ ਰੰਧਾਵਾਂ ਨੇ ਦੱਸਿਆ ਕਿ ਪਿੱਛਲੇ ਕੁਝ ਦਿਨਾਂ ਤੋਂ ਲਗਾਤਾਰ ਏ ਟੀ ਐਮਜ਼ ਵਿੱਚੋਂ ਬੈਟਰੀਆਂ ਚੋਰੀ ਹੋਹੋ ਰਹੀਆਂ ਸਨ। ਇਸ ਦੌਰਾਨ ਵੱਖ-ਵੱਖ ਏ ਟੀ ਐਮਤੋਂ 39 ਬੈਟਰੀਆਂ ਅਤੇ ਦੋ ਡੀ ਵੀ ਆਰ ਚੋਰੀ ਹੋ ਚੁੱਕੇ ਸਨ। ਇਨ੍ਹਾਂ ਵਾਰਦਾਤਾਂ ਨੂੰ ਹੱਲ ਕਰਨ ਲਈ ਏ ਸੀ ਪੀ ਪੱਛਮੀ ਵਰਿਆਮ ਸਿੰਘ ਦੀ ਨਿਗਰਾਨੀ ਹੇਠ ਕੀਤੀ ਜਾ ਰਹੀ ਜਾਂਚ ਦੌਰਾਨ ਪਤਾ ਲੱਗਾ ਕਿ ਬੋਬੀ ਉਰਫ਼ ਲਵਲੀਨਸ਼ੇ ਦੀ ਪੂਰਤੀ ਲਈ ਚੋਰੀ ਦੀਆਂ ਵਾਰਦਾਤਾਂ ਕਰਦਾ ਹੈ ਅਤੇ ਉਸ ਨੇ ਏ ਟੀ ਐਮਜ਼ ਵਿੱਚੋਂ ਬੈਟਰੀਆਂ ਚੋਰੀ ਕੀਤੀਆਂ ਹਨ, ਜੋ ਇਹ ਸਾਮਾਨ ਕਬਾੜੀਏ ਦਾ ਕੰਮ ਕਰਦੇ ਇੰਦਰਜੀਤ ਸਿੰਘ, ਉਸਦੇ ਪਿਤਾ ਲੇਖਰਾਜ ਅਤੇ ਅਕਾਸ਼ ਸ਼ਰਮਾ ਨੂੰ ਵੇਚਦਾ ਹੈ। ਸਾਮਾਨ ਖਰੀਦਣ ਵਾਲਿਆਂ ਨੂੰ ਸਾਮਾਨ ਦੇ ਚੋਰੀ ਹੋਣ ਦੀ ਜਾਣਕਾਰੀ ਹੈ, ਜਿਸ ਕਰਕੇ ਉਹ ਕੋਡੀਆਂ ਦੇ ਭਾਅ ਲੈ ਰਹੇ ਸਨ। ਜਾਂਚ ਤੋਂ ਬਾਅਦ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਏ ਡੀ ਸੀ ਪੀ ਰੰਧਾਵਾ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਵਾਰਦਾਤਾਂ ਕਰਨ ਸਮੇਂ ਬੋਬੀ ਆਪਣੇ ਨਾਲ ਕਦੀ ਪੂਜਾ ਉਰਫ਼ ਮੁੰਨਾ ਅਤੇ ਪ੍ਰੀਤ ਨੂੰ ਲੈ ਜਾਂਦਾ ਸੀ, ਤਾਂ ਜੋ ਰਸਤੇ ਵਿੱਚ ਉਨ੍ਹਾਂ ਉੱਤੇ ਕਿਸੇ ਨੂੰ ਸ਼ੱਕ ਨਾ ਹੋਵੇ। ਅਕਸਰ ਇਹ ਚੋਰੀ ਦਾ ਸਾਮਾਨ ਵੇਚਣ ਲਈ ਵੀ ਇਨ੍ਹਾਂ ਔਰਤਾਂ ਨੂੰ ਨਾਲ ਰੱਖਦਾ ਸੀ।

# ਸਾਬਕਾ ਕੇਂਦਰੀ ਮੰਤਰੀ ਸਾਂਪਲਾ ਦਾ ਡਰਾਈਵਰ ਸ਼ੇਰੂ ਮਾਰਕੁੱਟ ਦੇ ਕੇਸ ਵਿੱਚ ਗ੍ਰਿਫਤਾਰ

ਜਲੰਧਰ, 19 ਅਪ੍ਰੈਲ (ਪੋਸਟ ਬਿਊਰੋ)- ਕਰੀਬ ਚਾਰ ਸਾਲ ਤੋਂ ਸ਼ਹਿਰ ਦੇ ਬਹੁ-ਚਰਚਿਤ ਮਿੰਟੀ ਕੌਰ ਅਤੇ ਆਸ਼ੂ ਸਾਂਪਲਾ ਕੇਸ ਵਿੱਚ ਨਾਮਜ਼ਦ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੇ ਡਰਾਈਵਰ ਰਹੇ ਸੋਫੀ ਪਿੰਡ ਦੇ ਸੁਖਜਿੰਦਰ ਉਰਫ ਸ਼ੇਰੂ ਨੂੰ ਪਰਾਗਪੁਰ ਚੌਕੀ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਸ਼ੇਰੂ ਉੱਤੇ ਮਿੰਟੀ ਕੌਰ ਨੇ ਦੋਸ਼ ਲਾਇਆ ਸੀ ਕਿ ਉਸ ਨੇ ਉਸ ਨਾਲ ਮਾਰਕੁੱਟ ਕੀਤੀ ਅਤੇ ਉਸ ਦਾ ਸਾਮਾਨ ਖੋਹਣ ਦੀ ਕੋਸ਼ਿਸ਼ ਕੀਤੀ ਸੀ।

ਇਸ ਕੇਸ ਵਿੱਚ ਪਿਛਲੇ ਚਾਰ ਸਾਲ ਤੋਂ ਸ਼ੇਰੂ ਨਾਮਜ਼ਦ ਸੀ। ਸੋਮਵਾਰ ਨੂੰ ਉਸ ਦੀ ਕੋਰਟ ਵਿੱਚ ਕੇਸ ਦੀ ਤਰੀਕ ਸੀ ਤਾਂ ਮਿੰਟੀ ਕੌਰ ਵੀ ਪਹੁੰਚ ਗਈ ਅਤੇ ਉਸ ਨੂੰ ਉਥੇ ਦੇਖ ਕੇ ਹੰਗਾਮਾ ਕਰ ਦਿੱਤਾ, ਜਿਸਦੇ ਬਾਅਦ ਥਾਣਾ ਬਾਰਾਦਰੀ ਦੀ ਪੁਲਸ ਆਈ ਅਤੇ ਸ਼ੇਰੂ ਨੂੰ ਲੈ ਗਈ। ਇਸ ਪਿੱਛੋਂ ਪਰਾਗਪੁਰ ਪੁਲਸ ਚੌਕੀ ਵਿੱਚ ਸ਼ੇਰੂ ਨੂੰ ਗ੍ਰਿਫਤਾਰ ਕੀਤਾ ਗਿਆ। ਵਰਨਣ ਯੋਗ ਹੈ ਕਿ ਕਰੀਬ ਚਾਰ ਸਾਲ ਪਹਿਲਾਂ ਮਿੰਟੀ ਕੌਰ ਨੇ ਭਾਜਪਾ ਨੇਤਾ ਆਸ਼ੂ ਸਾਂਪਲਾ ਅਤੇ ਉਸ ਦੇ ਕੁਝ ਸਮਰਥਕਾਂ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨਾਲ ਮਾਰਕੁੱਟ ਕੀਤੀ ਹੈ ਅਤੇ ਆਸ਼ੂ ਸਾਂਪਲਾ ਨਾਲ ਚੱਲਦੇ ਕੇਸ ਵਿੱਚ ਨਾਂਅ ਵਾਪਸ ਲੈਣ ਦੀਆਂ ਧਮਕੀਆਂ ਦਿੱਤੀਆਂ ਹਨ। ਇਸ ਦੇ ਇਲਾਵਾ ਮੋਬਾਈਲ ਅਤੇ ਹੋਰ ਸਾਮਾਨ ਵੀ ਖੁਰਦ ਬੁਰਦ ਕਰਨ ਦੇ ਦੋਸ਼ ਲਾਏ ਗਏ ਸਨ। ਇਸ ਕੇਸ ਵਿੱਚ ਸੁਖਜਿੰਦਰ ਉਰਫ ਸ਼ੇਰੂ ਦਾ ਨਾਂਅ ਵੀ ਸੀ। ਕਰੀਬ ਚਾਰ ਸਾਲ ਤੋਂ ਇਸ ਕੇਸ ਦੀ ਸੁਣਵਾਈ ਚੱਲ ਰਹੀ ਸੀ। ਆਖਰ ਸ਼ੇਰੂ ਨੂੰ ਕਾਬੂ ਕਰ ਲਿਆ।

# ਨਾਬਾਲਗ ਲੜਕੇ-ਲੜਕੀ ਦੀਆਂ ਲਾਸ਼ਾਂ ਰੁੱਖ ਨਾਲ ਲਟਕੀਆਂ ਮਿਲੀਆਂ

ਫਿਰੋਜ਼ਪੁਰ, 19 ਅਪ੍ਰੈਲ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਸੂਬਾ ਜਦੀਦ ਵਿੱਚ ਕੱਲ੍ਹ ਸਵੇਰੇ ਨਹਿਰ ਕੰਢੇ ਪਿੱਪਲ ਦੇ ਰੁੱਖ ਨਾਲ ਲਟਕਦੀਆਂ ਨਾਬਾਲਗ ਪ੍ਰੇਮੀ ਜੋੜੇ ਦੀਆਂ ਲਾਸ਼ਾਂ ਮਿਲੀਆਂ ਹਨ।

ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਲੜਕਾ-ਲੜਕੀ ਇੱਕ ਦੂਜੇ ਨਾਲ ਪ੍ਰੇਮ ਸੰਬੰਧਾਂ ਵਿੱਚ ਸਨ ਤੇ ਇੱਕ ਦੂਜੇ ਨਾਲ ਵਿਆਹ ਕਰਵਾਉਣਾ ਚਾਹੁੰਦੇ ਸਨ, ਪਰ ਲੜਕੀ ਦੇ ਮਾਪੇ ਰਾਜ਼ੀ ਨਹੀਂ ਸਨ। ਲੜਕੇ ਵਾਲਿਆਂ ਨੇ ਲੜਕੀ ਦੇ ਪਰਵਾਰ ਉਤੇ ਕਤਲ ਦਾ ਦੋਸ਼ ਲਾਇਆ ਤੇ ਪੁਲਸ ਤੋਂ ਇਨਸਾਫ ਦੀ ਮੰਗ ਕੀਤੀ ਹੈ। ਮ੍ਰਿਤਕ ਲੜਕਾ ਪਿੰਡ ਹਜ਼ਾਰਾ ਸਿੰਘ ਵਾਲਾ ਦਾ ਸੀ, ਜਦ ਕਿ ਲੜਕੀ ਪਿੰਡ ਹਬੀਬ ਵਾਲਾ ਦੀ ਵਸਨੀਕ ਸੀ। ਦੋਵਾਂ ਦੀ ਉਮਰ 18 ਸਾਲਾਂ ਤੋਂ ਘੱਟ ਦੱਸੀ ਗਈ ਹੈ।

ਡੀ ਐਸ ਪੀ ਸਤਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਪਿੰਡ ਦੇ ਨੰਬਰਦਾਰ ਨੇ ਸਵੇਰੇ ਸਾਢੇ ਛੇ ਵਜੇ ਪੁਲਸ ਨੂੰ ਰੁੱਖ ਨਾਲ ਲਟਕੀਆਂ ਦੋ ਲਾਸ਼ਾਂ ਦੀ ਸੂਚਨਾ ਦਿੱਤੀ ਸੀ। ਇਸ ਇਸ ਮਗਰੋਂ ਥਾਣਾ ਮੁਖੀ ਮੌਕੇ ਉੱਤੇ ਪਹੁੰਚੇ ਤਾਂ ਦੋਵਾਂ ਲਾਸ਼ਾਂ ਨੂੰ ਦਰੱਖਤ ਤੋਂ ਥੱਲੇ ਲਾਹਿਆ ਗਿਆ। ਪੁਲਸ ਨੂੰ ਮੌਕੇ ਤੋਂ ਇੱਕ ਮੋਟਰ ਸਾਈਕਲ ਵੀ ਬਰਾਮਦ ਹੋਇਆ ਹੈ। ਲੜਕੇ ਦੀ ਮਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪੁੱਤਰ ਨੇ ਪਿੱਛੇ ਜਿਹੇ ਬਾਰ੍ਹਵੀਂ ਜਮਾਤ ਪਾਸ ਕੀਤੀ ਸੀ। ਉਹ ਹਬੀਬ ਵਾਲਾ ਦੀ ਰਹਿਣ ਵਾਲੀ ਲੜਕੀ ਨੂੰ ਪਿਆਰ ਕਰਦਾ ਸੀ ਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਲੜਕੇ ਦੀ ਮਾਂ ਦੇ ਦੱਸਣ ਮੁਤਾਬਕ ਉਨ੍ਹਾਂ ਨੇ ਲੜਕੀ ਦੇ ਪਰਵਾਰ ਨਾਲ ਵਿਆਹ ਬਾਰੇ ਗੱਲ ਕੀਤੀ ਸੀ, ਪਰ ਉਨ੍ਹਾਂ ਦਾ ਕਹਿਣਾ ਸੀ ਕਿ ਲੜਕੀ ਪੜ੍ਹ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਉਸ ਦੀ ਪੜ੍ਹਾਈ ਪੂਰੀ ਹੋ ਜਾਵੇਗੀ, ਉਦੋਂ ਵਿਆਹ ਦੀ ਗੱਲ ਕਰਨਗੇ। ਮ੍ਰਿਤਕ ਲੜਕੇ ਦੇ ਵੱਡੇ ਭਰਾ ਨੇ ਦੱਸਿਆ ਕਿ ਪਿਛਲੀ ਰਾਤ ਲੜਕੀ ਨੇ ਉਸ ਦੇ ਭਰਾ ਨੂੰ ਫੋਨ ਕਰ ਕੇ ਆਪਣੇ ਘਰ ਬੁਲਾਇਆ ਸੀ। ਉਸ ਨੇ ਦੋਸ਼ ਲਾਇਆ ਕਿ ਲੜਕੀ ਵਾਲਿਆਂ ਨੇ ਦੋਵਾਂ ਨੂੰ ਮਾਰ ਕੇ ਰੁੱਖ ਨਾਲ ਟੰਗ ਦਿੱਤਾ ਤਾਂ ਜੋ ਖ਼ੁਦਕੁਸ਼ੀ ਨਜ਼ਰ ਆਵੇ।

# ਸੈਰ ਕਰਦੇ ਵਿਅਕਤੀ ਤੋਂ ਮੋਬਾਈਲ ਖੋਹਣ ਵਾਲਿਆਂ ਦੀ ਬਾਈਕ ਕਾਰ ਨਾਲ ਵੱਜੀ, ਦੋ ਕਾਬੂ

ਜਲੰਧਰ, 19 ਅਪ੍ਰੈਲ (ਪੋਸਟ ਬਿਊਰੋ)- ਥਾਣਾ ਮਕਸੂਦਾਂ ਹੇਠਲੇ ਮਾਨ ਐਨਕਲੇਵ ਵਿੱਚ ਸੈਰ ਕਰਦੇ ਵਿਅਕਤੀ ਤੋਂ ਤਿੰਨ ਮੋਟਰਸਾਈਕਲ ਸਵਾਰ ਲੁਟੇਰੇ ਮੋਬਾਈਲ ਫ਼ੋਨ ਖੋਹ ਕੇ ਫ਼ਰਾਰ ਹੋਣ ਲੱਗੇ ਤਾਂ ਅਚਾਨਕ ਆਈ ਕਾਰ ਨਾਲ ਬਾਈਕ ਦੀ ਟੱਕਰ ਹੋ ਗਈ। ਇਸ ਤੋਂ ਬਾਅਦ ਦੋ ਸਨੈਚਰ ਫੜੇ ਗਏ, ਪਰ ਤੀਜਾ ਫ਼ਰਾਰ ਹੋ ਗਿਆ। ਕਰਤਾਰਪੁਰ ਸੁਖਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ 17 ਅਪ੍ਰੈਲ ਨੂੰ ਮਾਨ ਐਨਕਲੇਵ ਦੇ ਗੌਤਮ ਮਲਹੋਤਰਾ ਨੇ ਦੱਸਿਆ ਕਿ ਉਹ ਘਾਟ ਨੇੜੇ ਸੈਰ ਕਰ ਰਿਹਾ ਸੀ ਤਾਂ ਤਿੰਨ ਲੁਟੇਰਿਆਂ ਨੇ ਉਸ ਤੋਂ ਮੋਬਾਇਲ ਖੋਹਿਆ ਤੇ ਫ਼ਰਾਰ ਹੋ ਗਏ, ਪਰ ਕਾਰ ਨਾਲ ਬਾਈਕ ਦੀ ਟੱਕਰ ਨਾਲ ਤਿੰਨੇ ਜਣੇ ਡਿੱਗ ਗਏ। ਜਦੋਂ ਉਸ ਨੇ ਰੌਲਾ ਪਾਇਆ ਤਾਂ ਕੁਝ ਲੋਕ ਮਦਦ ਲਈ ਆਏ ਅਤੇ ਦੋ ਸਨੈਚਰ ਫੜੇ ਗਏ, ਜਿਨ੍ਹਾਂ ਦੀ ਪਛਾਣ ਸੋਨੀ ਰਾਜਾ ਪੁੱਤਰ ਬਲਵੀਰ ਵਾਸੀ ਨੂਰਪੁਰ ਤੇ ਚਿਰਾਗ ਉਰਫ਼ ਸੁੱਖੀ ਪੁੱਤਰ ਰਾਜਕੁਮਾਰ ਵਾਲੀ ਰਾਓਵਾਲੀ ਵਜੋਂ ਹੋਈ ਹੈ। ਫਰਾਰ ਦੋਸ਼ੀ ਦਾ ਨਾਂ ਡੈਵਲ ਵਾਸੀ ਸਰੂਪ ਨਗਰ ਹੈ। ਦੋਸ਼ੀਆਂ ਖ਼ਿਲਾਫ਼ ਥਾਣਾ ਮਕਸੂਦਾਂ ਵਿੱਚ ਕੇਸ ਦਰਜ ਕਰ ਕੇ ਤੀਸਰੇ ਲੁਟੇਰੇ ਦੀ ਭਾਲ ਕੀਤੀ ਜਾ ਰਹੀ ਹੈ।


Steinmetz & Associates
PERSONAL INJURY LAWYERS






BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਬਰਾਤੀਆਂ ਨਾਲ ਭਰੀ ਜੀਪ ਅਤੇ ਟਰੱਕ ਦੀ ਟੱਕਰ ਵਿੱਚ ਛੇ ਮੌਤਾਂ



ਅਮੇਠੀ, 19 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹੇ ਦੇ ਗੌਰੀਗੰਜ ਖੇਤਰ ਵਿੱਚ ਬਾਬੂਗੰਜ ਸਗਰਾ ਆਸ਼ਰਮ ਕੋਲ ਬਰਾਤੀਆਂ ਦੀ ਇੱਕ ਜੀਪ ਅਤੇ ਇੱਕ ਟਰੱਕ ਦੀ ਟੱਕਰ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਤੇ ਚਾਰ ਗੰਭੀਰ ਜ਼ਖ਼ਮੀ ਹੋ ਗਏ।

ਐੱਸ ਐੱਸ ਪੀ ਦਿਨੇਸ਼ ਸਿੰਘ ਨੇ ਦੱਸਿਆ ਕਿ ਰਾਏਬਰੇਲੀ ਦੇ ਨਸੀਰਾਬਾਦ ਖੇਤਰ ਤੋਂ ਮੁੜ ਰਹੇ ਬਰਾਤੀਆਂ ਦੀ ਤੇਜ਼ ਰਫ਼ਤਾਰ ਜੀਪ ਕੱਲ੍ਹ ਅੱਧੀ ਰਾਤ ਗੌਰੀਗੰਜ ਖੇਤਰ ਦੇ ਬਾਬੂਗੰਜ ਸਗਰਾ ਆਸ਼ਰਮ ਕੋਲ ਸਾਹਮਣੇ ਆਏ ਟਰੱਕ ਨਾਲ ਟੱਕਰਾ ਗਈ। ਮ੍ਰਿਤਕਾਂ ਦੀ ਪਛਾਣ ਕਲੂ (40), ਉਸਦਾ ਅੱਠ ਸਾਲ ਪੁੱਤਰ ਸੌਰਭ, ਕ੍ਰਿਸ਼ਣ ਕੁਮਾਰ ਸਿੰਘ (30), ਸ਼ਿਵ ਮਿਲਨ, ਰਵੀ ਤਿਵਾੜੀ ਤੇ ਤ੍ਰਿਵੇਣੀ ਪ੍ਰਸਾਦ ਵਜੋਂ ਹੋਈ ਹੈ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਯੋਗੀ ਆਦਿਤਾਨਾਥ ਨੇ ਇਸ ਦੁਰਘਟਨਾ ਵਿੱਚ ਲੋਕਾਂ ਦੀ ਮੌਤ ਉੱਤੇ ਗਹਿਰਾ ਸ਼ੋਕ ਵਿਅਕਤ ਕੀਤਾ ਅਤੇ ਅਧਿਕਾਰੀਆਂ ਨੂੰ ਜ਼ਖ਼ਮੀਆਂ ਦਾ ਇਲਾਜ ਕਰਨ ਅਤੇ ਪੀੜਤਾਂ ਨੂੰ ਹਰ ਸੰਭਵ ਰਾਹਤ ਅਤੇ ਮਦਦ ਦੇਣ ਦੇ ਨਿਰਦੇਸ਼ ਦਿੱਤੇ ਹਨ।

# ਸਵੀਡਨ ਵਿੱਚ ਪਵਿੱਤਰ ਕੁਰਾਨ ਨੂੰ ਸਾੜਨ ਤੋਂ ਦੰਗੇ ਭੜਕੇ

ਸਟਾਕਹੋਮ, 19 ਅਪ੍ਰੈਲ (ਪੋਸਟ ਬਿਊਰੋ)- ਕੁਰਾਨ ਨੂੰ ਸਾੜਨ ਨੂੰ ਲੈ ਕੇ ਸਵੀਡਨ ਦੇ ਕਈ ਸ਼ਹਿਰਾਂ ਵਿੱਚ ਚੌਥੇ ਦਿਨ ਵੀ ਹਿੰਸਕ ਝੜਪਾਂ ਹੁੰਦੀਆਂ ਰਹੀਆਂ। ਸਵੀਡਨ ਦੇ ਓਰੇਬਰੋ ਸ਼ਹਿਰ ਵਿੱਚ ਇੱਕ ਸੱਜੇ ਪੱਖੀ ਅਤੇ ਪ੍ਰਵਾਸੀ ਵਿਰੋਧੀ ਗਰੁੱਪ ਨੇ ਕੁਰਾਨ ਸਾੜਿਆ ਸੀ। ਮੀਡੀਆ ਮੁਤਾਬਕ ਪੂਰਬੀ ਸ਼ਹਿਰ ਨੋਰਕੋਪਿੰਗ ਵਿੱਚ ਪੁਲਸ ਨੇ ਦੰਗਾਕਾਰੀਆਂ ਨੂੰ ਚੇਤਾਵਨੀ ਦੇਣ ਲਈ ਗੋਲੀਬਾਰੀ ਕੀਤੀ, ਜਿਸ ਵਿੱਚ ਤਿੰਨ ਲੋਕ ਜ਼ਖ਼ਮੀ ਹੋ ਗਏ।

ਸਵੀਡਨ ਵਿੱਚ ਚੱਲ ਰਹੇ ਦੰਗਿਆਂ ਵਿੱਚ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ ਸੀ ਅਤੇ ਪੁਲਸ ਨੇ 17 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਦੱਖਣੀ ਸਵੀਡਿਸ਼ ਸ਼ਹਿਰ ਮਾਲਮੋ ਵਿੱਚ ਕੱਲ੍ਹ ਇੱਕ ਸੱਜੇ-ਪੱਖੀ ਗਰੁੱਪ ਵੱਲੋਂ ਰੈਲੀ ਵਿੱਚ ਇੱਕ ਬੱਸ ਸਮੇਤ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ। ਈਰਾਨ ਅਤੇ ਇਰਾਕ ਨੇ ਕੁਰਾਨ ਨੂੰ ਸਾੜਨ ਦਾ ਵਿਰੋਧ ਕੀਤਾ ਹੈ। ਦੋਵਾਂ ਦੇਸ਼ਾਂ ਨੇ ਸਵੀਡਨ ਦੇ ਰਾਜਦੂਤਾਂ ਨੂੰ ਦਫਤਰ ਵਿੱਚ ਤਲਬ ਕੀਤਾ ਸੀ। ਡੈਨਿਸ਼-ਸਵੀਡਿਸ਼ ਕੱਟੜਪੰਥੀ ਰਾਸਮੁਸ ਪਾਲੁਡਨ, ਜਿਹੜਾ ਸਟੋਰਮ ਕੁਰਸ ਪਾਰਟੀ ਚਲਾਉਂਦਾ ਹੈ, ਨੇ ਕਿਹਾ ਕਿ ਉਨ੍ਹਾਂ ਨੇ ਇਸਲਾਮ ਦੀ ਸਭ ਤੋਂ ਪਵਿੱਤਰ ਕਿਤਾਬ ਨੂੰ ਸਾੜ ਦਿੱਤਾ ਹੈ ਅਤੇ ਅੱਗੇ ਵੀ ਅਜਿਹਾ ਕਰਦੇ ਰਹਿਣਗੇ। ਪਤਾ ਲੱਗਾ ਹੈ ਕਿ ਸਟਾਕਹੋਮ, ਲਿੰਕੋਪਿੰਗ ਅਤੇ ਨੌਰਕੋਪਿੰਗ ਵਿੱਚ ਸੱਜੇ-ਪੱਖੀ ਗਰੁੱਪਾਂ ਨੇ ਪ੍ਰੋਗਰਾਮ ਦੀ ਯੋਜਨਾ ਬਣਾਈ ਸੀ। ਤਿੰਨ ਦਿਨ ਜਿੱਥੇ ਵੀ ਪ੍ਰੋਗਰਾਮ ਕੀਤੇ ਗਏ, ਹਿੰਸਾ ਭੜਕ ਗਈ, ਜਿਸ ਵਿੱਚ 16 ਪੁਲਸ ਅਧਿਕਾਰੀ ਜ਼ਖ਼ਮੀ ਹੋਏ ਤੇ ਪੁਲਸ ਦੀਆਂ ਕਈ ਗੱਡੀਆਂ ਨੂੰ ਵੀ ਨੁਕਸਾਨ ਪੁੱਜਾ ਹੈ।



## ਜੰਗ ਦਾ ਵਿਰੋਧ ਕਰਦੇ ਦੋ ਲੱਖ ਰੂਸੀਆਂ ਨੂੰ ਘਰ ਅਤੇ ਨੌਕਰੀ ਛੱਡਣੀ ਪਈ

ਵਿਨਯਤਸਯਾ, 19 ਅਪ੍ਰੈਲ (ਪੋਸਟ ਬਿਊਰੋ)- ਨਨਾ ਗ੍ਰਿਸਟੀਨ ਰੂਸ ਤੋਂ ਭੱਜ ਕੇ ਆਈ ਹੈ। ਇਸਦਾ ਕਾਰਨ ਰੂਸ ਦਾ ਨਵਾਂ ਕਾਨੂੰਨ ਹੈ। ਇਸ ਦੇ ਮੁਤਾਬਕ ਜੋ ਵੀ ਰੂਸੀ ਯੂਕਰੇਨ ਵਿੱਚ ਜਾਰੀ ਜੰਗ ਦਾ ਵਿਰੋਧ ਕਰੇਗਾ, ਉਸ ਨੂੰ ਜੇਲ ਵਿੱਚ ਸੁੱਟ ਦਿੱਤਾ ਜਾਵੇਗਾ। ਗ੍ਰਿਸਟੀਨ ਇੱਕ ਨਾਟਕਕਾਰ ਹੈ ਅਤੇ ਉਸਦਾ ਪਤੀ ਵਿਕਟਰ ਵੀਡੀਓ ਐਡੀਟਰ ਹੈ। ਉਨ੍ਹਾਂ ਦੀ ਇੱਕ 14 ਸਾਲ ਦੀ ਬੇਟੀ ਟੋਨਯਾ ਹੈ। ਉਹ ਜੰਗ ਦਾ ਵਿਰੋਧ ਕਰਦੇ ਹਨ।

ਬੀਤੇ ਮਾਰਚ ਦੇ ਸ਼ੁਰੂ ਵਿੱਚ ਗ੍ਰਿਸਟੀਨ ਜਦੋਂ ਰੂਸ ਤੋਂ ਭੱਜ ਕੇ ਅਰਮੇਨੀਆ ਪਹੁੰਚੀ ਤਾਂ ਉਸ ਨੇ ਵੇਖਿਆ ਕਿ ਉਸ ਵਰਗੇ ਹਜ਼ਾਰਾਂ ਲੋਕ ਰੂਸ ਛੱਡ ਕੇ ਆਏ ਹਨ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਯੂਕਰੇਨ ਖ਼ਿਲਾਫ਼ ਜੰਗ ਛੇੜ ਦੇਣ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਰੂਸ ਛੱਡਣਾ ਪਿਆ। ਦੋ ਲੱਖ ਤੋਂ ਵੱਧ ਰੂਸੀਆਂ ਨੂੰ ਇਸ ਕਾਰਨ ਆਪਣਾ ਘਰ ਅਤੇ ਨੌਕਰੀ ਛੱਡਣੀ ਪਈ ਹੈ।ਸ਼ਿਕਾਗੋ ਯੂਨੀਵਰਸਿਟੀ ਵਿੱਚ ਰੂਸੀ ਮੂਲ ਦੇ ਅਰਥਸ਼ਾਸਤਰੀ ਕੋਨਸਟੇਨਟੀਨ ਸੋਨੀ ਦੀ ਗਣਨਾ ਮੁਤਾਬਕ ਰੂਸ ਨੇ ਜਦੋਂ ਯੂਕਰੇਨ ਉੱਤੇ ਹਮਲਾ ਕੀਤਾ ਤਾਂ ਪਹਿਲੇ 10 ਦਿਨਾਂ ਵਿੱਚ ਘੱਟੋ-ਘੱਟ ਦੋ ਲੱਖ ਲੋਕਾਂ ਨੇ ਰੂਸ ਛੱਡ ਦਿੱਤਾ ਸੀ। ਓਦੋਂ ਪਹਿਲਾਂ 1917 ਦੇਇਨਕਲਾਬਮੌਕੇ ਪੰਜ ਲੱਖ ਲੋਕਾਂ ਨੇ ਜਰਮਨੀ, ਫਰਾਂਸ, ਅਮਰੀਕਾ, ਅਰਜਨਟੀਨਾ ਅਤੇ ਚੀਨ ਵਿੱਚ ਸ਼ਰਨ ਲਈ ਸੀ। ਇੱਕ ਹੋਰ ਸਰਵੇ ਮੁਤਾਬਕ 16 ਮਾਰਚ ਤੱਕ 3 ਲੱਖ ਲੋਕ ਰੂਸ ਛੱਡਕੇ ਜਾਰਜੀਆ, ਤੁਰਕੀ ਅਤੇ ਅਰਮੇਨੀਆ ਚਲੇ ਗਏ ਹਨ। ਇਨ੍ਹਾਂ ਵਿੱਚ, ਕਲਾਕਾਰ, ਬਲਾਗਰ, ਨਾਟਕ ਕਰਮੀ ਆਦਿ ਸ਼ਾਮਲ ਹਨ।

## ਲੈਫ. ਜਰਨਲ ਪਾਂਡੇ ਭਾਰਤੀ ਫੌਜ ਦੇ ਅਗਲੇ ਮੁਖੀ ਹੋਣਗੇ



ਨਵੀਂ ਦਿਲੀ, 19 ਅਪ੍ਰੈਲ (ਪੋਸਟ ਬਿਊਰੋ)- ਲੈਫਟੀਨੈਂਟ ਜਨਰਲ ਮਨੋਜ ਪਾਂਡੇ ਭਾਰਤੀ ਫੌਜ ਦੇ ਅਗਲੇ ਮੁਖੀ ਹੋਣਗੇ। ਉਹ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਥਾਂ ਲੈਣਗੇ, ਜਿਨ੍ਹਾਂ ਨੇ ਤੀਹ ਅਪ੍ਰੈਲ ਨੂੰ ਰਿਟਾਇਰ ਹੋਣਾ ਹੈ।

ਵਰਨਣ ਯੋਗ ਹੈ ਕਿ ਲੈਫਟੀਨੈਂਟ ਜਨਰਲ ਮਨੋਜ ਪਾਂਡੇ ਇਸ ਵਕਤ ਫੌਜ ਦੇ ਉਪ ਮੁਖੀ ਹਨ ਅਤੇ ਇੰਜੀਨੀਅਰਿੰਗ ਕੋਰ ਤੋਂ ਉਹ 13 ਲੱਖ ਜਵਾਨਾਂ ਵਾਲੀ ਫੌਜ ਦੇ ਪਹਿਲੇ ਕਮਾਂਡਰ ਹੋਣਗੇ। ਇਸ ਤੋਂ ਪਹਿਲਾਂ ਇਨਫੈਂਟਰੀ, ਆਰਟਿਲਰੀ ਤੇ ਹਥਿਆਰਬੰਦ ਰਜਮੈਂਟਾਂ ਦੇ ਅਧਿਕਾਰੀ ਇਸ ਅਹੁਦੇ ਉੱਤੇ ਆਉਂਦੇ ਰਹੇ ਹਨ। ਪਹਿਲੀ ਫਰਵਰੀ ਨੂੰ ਫੌਜ ਦਾ ਉਪ ਮੁਖੀ ਬਣਨ ਤੋਂ ਪਹਿਲਾਂ ਉਨ੍ਹਾਂ ਕੋਲ ਪੂਰਬੀ ਆਰਮੀ ਕਮਾਂਡ ਦੀ ਕਮਾਂਡ ਸੀ, ਜੋ ਸਿੱਕਮ ਤੇ ਅਰੁਣਾਚਲ ਪ੍ਰਦੇਸ਼ ਸੈਕਟਰਾਂ ਵਿੱਚ ਚੀਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ (ਐਲ ਏ ਸੀ) ਉੱਤੇ ਸੁਰੱਖਿਆ ਡਿਊਟੀ ਉੱਤੇ ਸੀ।

# ਮੱਧ ਪ੍ਰਦੇਸ਼ ਦੇ ਖਰਗੋਨ ਫਿਰਕੂ ਹਿੰਸਾ ਵਿੱਚ ਇੱਕ ਮੌਤ ਦੀ ਪੁਸ਼ਟੀ



### * ਪੁਲਸ ਦੀ ਕਾਰਵਾਈ ਉੱਤੇ ਸਵਾਲ ਉਠੇ

ਖਰਗੋਨ, 19 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਖਰਗੋਨ ਸ਼ਹਿਰ ਵਿੱਚ ਫਿਰਕੂ ਹਿੰਸਾ ਦੌਰਾਨ ਲਾਪਤਾ ਹੋਏ ਤੀਹ ਸਾਲਾ ਵਿਅਕਤੀ ਦੀ ਮ੍ਰਿਤਕ ਦੇਹ ਇੰਦੌਰ ਦੇ ਸਰਕਾਰੀ ਹਸਪਤਾਲ ਵਿੱਚ ਮਿਲੀ ਹੈ। ਉਹ ਇਨ੍ਹਾਂ ਦੰਗਿਆਂ ਵਿਚ ਮਰਨ ਵਾਲਾ ਪਹਿਲਾ ਵਿਅਕਤੀ ਹੈ ਤੇ ਪੁਲਸ ਉੱਤੇ ਉਸ ਦੀ ਮੌਤ ਉੱਤੇ ਪਰਦਾ ਪਾਉਣ ਦੇ ਦੋਸ਼ ਲੱਗੇ ਹਨ। ਮ੍ਰਿਤਕ ਦੇ ਪਰਵਾਰ ਨੇ ਦੋਸ਼ ਲਾਇਆ ਕਿ ਪੁਲਸ ਨੇ ਅੱਠ ਦਿਨ ਉਸ ਦੀ ਮੌਤ ਬਾਰੇ ਜਾਣਕਾਰੀ ਨਹੀਂ ਦਿੱਤੀ।

ਮਿਲੇ ਵੇਰਵਿਆਂ ਮੁਤਾਬਕ ਇਬਰੇਸ਼ ਖਾਨ ਦੀ ਦੇਹ ਅੱਠ ਦਿਨ ਸਰਕਾਰੀ ਹਸਪਤਾਲ ਵਿੱਚ ਰੱਖੀ ਗਈ। ਉਸ ਦੀ ਦੇਹ ਪੁਲਸ ਨੂੰ ਖਰਗੋਨ ਦੇ ਆਨੰਦ ਨਗਰ ਇਲਾਕੇ ਵਿੱਚ ਮਿਲੀ ਸੀ, ਪਰ ਸ਼ਹਿਰ ਵਿੱਚ ਫਰੀਜ਼ਰ ਨਾ ਹੋਣ ਕਾਰਨ ਉਸ ਨੂੰ ਇੰਦੌਰ ਦੇ ਹਸਪਤਾਲ ਵਿੱਚ ਰੱਖਿਆ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਸ ਦੀ ਮੌਤ ਸਿਰ ਵਿੱਚ ਪੱਥਰ ਵੱਜਣ ਨਾਲ ਲੱਗੀ ਗੰਭੀਰ ਸੱਟ ਕਾਰਨ ਹੋਈ ਹੈ। ਵਰਨਣ ਯੋਗ ਹੈ ਕਿ 10 ਅਪ੍ਰੈਲ ਨੂੰ ਰਾਮਨੌਮੀ ਦੀ ਸ਼ੋਭਾ ਯਾਤਰਾ ਮੌਕੇ ਖਰਗੋਨ ਸ਼ਹਿਰ ਵਿੱਚ ਫਿਰਕੂ ਟਕਰਾਅ ਹੋਇਆ ਸੀ। ਇਸ ਦੌਰਾਨ ਅੱਗਜ਼ਨੀ ਅਤੇ ਪੱਥਰਬਾਜ਼ੀ ਵੀ ਹੋਈ ਅਤੇ ਪ੍ਰਸ਼ਾਸਨ ਨੇ ਸ਼ਹਿਰ ਵਿੱਚ ਕਰਫਿਊ ਲਾ ਦਿੱਤਾ ਸੀ। ਐਸ ਪੀ ਸਿਧਾਰਥ ਚੌਧਰੀ ਹਿੰਸਾ ਦੌਰਾਨ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ ਸਨ। ਐਸ ਪੀ (ਇੰਚਾਰਜ) ਰੋਹਿਤ ਕਾਸ਼ਵਾਨੀ ਨੇ ਮੀਡੀਆ ਨੂੰ ਦੱਸਿਆ, 'ਇੱਕ ਅਣਪਛਾਤੀ ਦੇਹ 11 ਅਪ੍ਰੈਲ ਨੂੰ ਆਨੰਦ ਨਗਰ ਤੋਂ ਮਿਲੀ ਸੀ। ਖਰਗੋਨ ਵਿੱਚ ਫਰੀਜ਼ਰ ਨਾ ਹੋਣ ਕਾਰਨ ਇਸ ਨੂੰ ਪੋਸਟਮਾਰਟਮ ਮਗਰੋਂ ਇੰਦੌਰ ਦੇ ਹਸਪਤਾਲ ਵਿੱਚ ਰੱਖਿਆ ਸੀ।' ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਪਰਵਾਰ ਨੇ ਲਾਪਤਾ ਹੋਣ ਬਾਰੇ ਸ਼ਿਕਾਇਤ 14 ਅਪਰੈਲ ਨੂੰ ਦਿੱਤੀ ਸੀ।

ਇਬਰੇਸ਼ ਖਾਨ ਦੇ ਭਰਾ ਇਖਲਾਕ ਖਾਨ ਕਹਿੰਦਾ ਹੈ ਕਿ ਮ੍ਰਿਤਕ ਨੂੰ ਕੁਝ ਲੋਕਾਂ ਨੇ 12 ਅਪ੍ਰੈਲ ਨੂੰ ਪੁਲਸ ਹਿਰਾਸਤ ਵਿੱਚ ਦੇਖਿਆ ਸੀ। ਉਸ ਨੇ ਦੋਸ਼ ਲਾਇਆ ਕਿ ਜਦ ਉਨ੍ਹਾਂ ਪੁਲਸ ਨੂੰ ਮੀਡੀਆ ਕੋਲ ਜਾਣ ਦੀ ਚਿਤਾਵਨੀ ਦਿੱਤੀ ਤਾਂ ਉਨ੍ਹਾਂ ਨੇ ਇਬਰੇਸ਼ ਦੀ ਮੌਤ ਅਤੇ ਉਸ ਦੀ ਦੇਹ ਬਾਰੇ ਜਾਣਕਾਰੀ ਦਿੱਤੀ। ਇਖਲਾਕ ਨੇ ਕਿਹਾ ਕਿ ਉਸ ਦਾ ਭਰਾ ਆਨੰਦ ਨਗਰ ਇਲਾਕੇ ਵਿਖੇ ਇਫਤਾਰ ਦਾ ਖਾਣਾ ਲੈ ਕੇ ਗਿਆ ਸੀ ਜਿੱਥੇ ਉਸ ਦੇ ਪੱਥਰ ਵੱਜਾ ਸੀ। ਉਸ ਨੇ ਦੋਸ਼ ਲਾਇਆ ਕਿ ਆਨੰਦ ਨਗਰ ਵਿੱਚ ਲੋਕਾਂ ਨੇ ਇਬਰੇਸ਼ ਉੱਤੇ ਹਥਿਆਰਾਂ ਨਾਲ ਹਮਲਾ ਕੀਤਾ ਤੇ ਉਸ ਦਾ ਸਿਰ ਪੱਥਰ ਨਾਲ ਕੁਚਲ ਦਿੱਤਾ। ਉਸ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਇਬਰੇਸ਼ ਨੂੰ ਪੁਲਸ ਹਿਰਾਸਤ ਵਿੱਚ ਦੇਖਿਆ ਸੀ, ਉਹ ਅੱਗੇ ਆਉਣ ਲਈ ਤਿਆਰ ਨਹੀਂ।

# ਪਾਕਿਸਤਾਨ ਨੇ ਅਫ਼ਗ਼ਾਨਿਸਤਾਨ ਦੀ ਮਦਦ ਲਈ ਭਾਰਤੀ ਟਰਾਂਸਪੋਰਟ ਸਹੂਲਤ ਦੀ ਮਿਆਦ ਵਧਾਈ




ਇਸਲਾਮਾਬਾਦ, 19 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਅਫ਼ਗ਼ਾਨਿਸਤਾਨ ਨੂੰ ਮਨੁੱਖੀ ਮਦਦ ਭੇਜਣ ਦੇ ਲਈ ਆਵਾਜਾਈ ਸਹੂਲਤ ਦੀ ਮਿਆਦ ਵਧਾਉਣ ਦੀ ਭਾਰਤ ਦੀ ਬੇਨਤੀ ਮੰਨ ਲਈ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਅਫ਼ਗ਼ਾਨਿਸਤਾਨ ਵਿੱਚ ਮਨੁੱਖੀ ਸੰਕਟ ਦੇ ਹੱਲ ਵਿੱਚ ਭਾਰਤ ਦੀ ਮਦਦ ਲਈ ਟਰਾਂਸਪੋਟ ਸਹੂਲਤ ਦੀ ਮਿਆਦ ਦੋ ਮਹੀਨੇ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਮਾਂ ਬੀਤੀ 21 ਮਾਰਚ ਨੂੰ ਖ਼ਤਮ ਹੋ ਗਿਆ ਸੀ। ਪਿਛਲੇ ਸਾਲ ਨਵੰਬਰ ਵਿੱਚ ਪਾਕਿਸਤਾਨ ਨੇ ਭਾਰਤ ਤੋਂ ਅਫ਼ਗ਼ਾਨਿਸਤਾਨ ਤੱਕ 50,000 ਟਨ ਕਣਕ ਅਤੇ ਜੀਵਨ ਰੱਖਿਅਕ ਦਵਾਈਆਂ ਦੀ ਢੋਆ-ਢੁਆਈ ਦਾ ਰਾਹ ਦੇਣਾ ਮੰਨਿਆ ਸੀ।ਭਾਰਤ ਨੇ ਅਫ਼ਗ਼ਾਨਿਸਤਾਨ ਨੂੰ ਕਣਕ ਸਪਲਾਈ ਬਾਰੇ ਵਿਸ਼ਵ ਖ਼ੁਰਾਕ ਪ੍ਰੋਗਰਾਮ (ਡਬਲਯੂ ਐਫ ਪੀ) ਨਾਲ ਸਮਝੌਤਾ ਕੀਤਾ ਹੈ। ਭਾਰਤ ਵੱਲੋਂ ਦਿੱਤੀ ਕਣਕ ਤੋਂ ਅਫ਼ਗ਼ਾਨਿਸਤਾਨ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦ ਮਿਲਣ ਦੀ ਆਸ ਹੈ। ਅੰਤਰਰਾਸ਼ਟਰੀ ਸਹਾਇਤਾ ਏਜੰਸੀਆਂ ਅਨੁਸਾਰ ਲੱਗਭਗ 2.3 ਕਰੋੜ ਅਫ਼ਗ਼ਾਨੀਆਂ ਨੂੰ ਸਹਾਇਤਾ ਦੀ ਤੁਰੰਤ ਲੋੜ ਹੈ। ਅਫ਼ਗ਼ਾਨਿਸਤਾਨ ਪਿਛਲੇ 15 ਅਗਸਤ ਤੋਂ ਤਾਲਿਬਾਨ ਦੇ ਅਧੀਨ ਹੈ, ਜਦੋਂ ਅਫ਼ਗਾਨ ਕੱਟੜਪੰਥੀਆਂ ਨੇ ਰਾਸ਼ਟਰਪਤੀ ਅਸ਼ਰਫ਼ ਗਨੀ ਦੀ ਚੁਣੀ ਹੋਈ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਅਤੇ ਉਸ ਨੂੰ ਦੇਸ਼ ਛੱਡ ਕੇ ਸੰਯੁਕਤ ਅਰਬ ਅਮੀਰਾਤ ਵਿੱਚ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ ਸੀ।ਭਾਰਤ ਅਫ਼ਗ਼ਾਨਿਸਤਾਨ ਵਿੱਚ ਨਵੀਂ ਸ਼ਾਸਨ ਨੂੰ ਮਾਨਤਾ ਨਹੀਂ ਦਿੰਦਾ ਅਤੇ ਕਾਬੁਲ ਵਿੱਚ ਇੱਕ ਸਾਂਝੀ ਸਰਕਾਰ ਬਣਾਉਣ ਲਈ ਜ਼ੋਰ ਦੇਂਦਾ ਹੈ। ਇਸ ਦੇ ਨਾਲ ਅਫ਼ਗ਼ਾਨਿਸਤਾਨ ਦੀ ਧਰਤੀ ਨੂੰ ਕਿਸੇ ਦੇਸ਼ ਵਿਰੁੱਧ ਅਤਿਵਾਦੀ ਗਤੀਵਿਧੀਆਂ ਲਈ ਨਾ ਵਰਤਣ ਲਈ ਕਹਿੰਦਾ ਹੈ।

## ਲਾੜੇ ਨੇ ਜਦੋਂ ਜੈ ਮਾਲਾ ਪਾਈ, ਲਾੜੀ ਨੇ ਥੱਪੜਾਂ ਦੀ ਬੁਛਾੜ ਕਰ ਦਿੱਤੀ

ਹਮੀਰਪੁਰ, 19 ਅਪ੍ਰੈਲ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਵਿੱਚ ਕੱਲ੍ਹ ਰਾਤ ਇੱਕ ਵਿਆਹ ਸਮਾਗਮ ਦੌਰਾਨ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਹਮੀਰਪੁਰ ਜ਼ਿਲ੍ਹੇ ਦੇ ਲਾਲਪੁਰਾ ਥਾਣਾ ਖੇਤਰ ਦੇ ਪਿੰਡ ਸਵਾਸਾ ਬੁਜਗਰ ਦੇ ਮਨੋਹਰ ਅਹੀਰਵਰ ਦੀ ਬੇਟੀ ਰੀਨਾ ਦਾ ਵਿਆਹ ਜਾਲੌਨ ਜ਼ਿਲ੍ਹੇ ਦੇ ਅੱਟਾਂ ਥਾਣਾ ਖੇਤਰ ਦੇ ਚਮਰੀ ਪਿੰਡ ਦੇ ਰਵਿਕਾਂਤ ਅਹੀਰਵਰ ਨਾਲ ਹੋਣਾ ਸੀ। ਇਸ ਦੌਰਾਨ ਜੈ ਮਾਲਾ ਦੌਰਾਨ ਲਾੜੀ ਨੇ ਅਚਾਨਕ ਗੁੱਸੇ ਵਿੱਚ ਲਾੜੇ ਨੂੰ ਥੱਪੜ ਜੜ ਦਿੱਤਾ। ਜਦੋਂ ਮਾਮਲਾ ਵਿਗੜ ਗਿਆ ਤਾਂ ਦੋਵਾਂ ਧਿਰਾਂ ਵਿਚਾਲੇ ਲੜਾਈ ਸ਼ੁਰੂ ਹੋ ਗਈ। ਮਿਲੀ ਜਾਣਕਾਰੀ ਮੁਤਾਬਕ 17 ਅਪ੍ਰੈਲ ਨੂੰ ਲਾੜਾ ਰਵਿਕਾਂਤ ਅਹੀਰਵਰ ਬਰਾਤ ਲੈ ਕੇ ਹਮੀਰਪੁਰ ਦੇ ਪੁਰਾਣੇ ਪਿੰਡ ਸਵਾਸ ਵਿੱਚ ਆਇਆ ਸੀ। ਵਿਆਹ ਦੀਆਂ ਰਸਮਾਂ ਚੱਲ ਰਹੀਆਂ ਸਨ ਅਤੇ ਜਦੋਂ ਲਾੜੇ ਨੇ ਲਾੜੀ ਨੂੰ ਜੈਮਾਲਾ ਨੂੰ ਪਾਈ ਤਾਂ ਲਾੜੀ ਨੂੰ ਗੁੱਸਾ ਚੜ੍ਹ ਗਿਆ। ਉਸ ਨੂੰ ਸੁੱਟ ਕੇ ਉਸ ਨੇ ਲਾੜੇ ਨੂੰ ਥੱਪੜ ਜੜ ਦਿੱਤਾ ਤੇ ਸਟੇਜ ਤੋਂ ਚਲੀ ਗਈ। ਫਿਰ ਦੋਵੇਂ ਪਾਸੇ ਲੜਾਈ ਸ਼ੁਰੂ ਹੋ ਗਈ ਤੇ ਕਈ ਲੋਕ ਜ਼ਖ਼ਮੀ ਵੀ ਹੋ ਗਏ। ਸੂਚਨਾ ਉੱਤੇ ਪਹੁੰਚੀ ਪੁਲਸ ਨੇ ਕਿਸੇ ਤਰ੍ਹਾਂ ਸਮਝੌਤਾ ਕਰਵਾਇਆ ਅਤੇ ਫਿਰ ਵਿਆਹ ਸ਼ੁਰੂ ਹੋ ਗਿਆ। ਫਿਲਹਾਲ ਪੁਲਸ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਲਾੜੀ ਨੇ ਏਦਾਂ ਕਿਉਂ ਕੀਤਾ। ਜੈਮਾਲਾ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

## ਸ੍ਰੀਲੰਕਾ ਵਿੱਚ ਮਹਿੰਦਾ ਨੂੰ ਛੱਡ ਕੇ ਰਾਜਪਕਸ਼ੇ ਟੱਬਰ ਦਾ ਕੋਈ ਮੰਤਰੀ ਨਹੀਂ ਬਣਾਇਆ ਗਿਆ

ਕੋਲੰਬੋ, 19 ਅਪ੍ਰੈਲ (ਪੋਸਟ ਬਿਊਰੋ)- ਆਰਥਿਕ ਤੇ ਰਾਜਨੀਤਕ ਸੰਕਟ ਵਿੱਚ ਫਸੇ ਹੋਏ ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਨੇ 17 ਮੈਂਬਰੀ ਨਵੀਂ ਕੈਬਨਿਟ ਬਣਾਈ ਹੈ। ਇਸ ਵਿੱਚ ਉਨ੍ਹਾਂ ਨੇ ਵੱਡੇ ਭਰਾ ਅਤੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੂੰ ਛੱਡ ਕੇ ਉਸ ਪਰਵਾਰ ਦੇ ਕਿਸੇ ਮੈਂਬਰ ਨੂੰ ਜਗ੍ਹਾ ਨਹੀਂ ਦਿੱਤੀ। ਆਪਣੇ ਅਸਤੀਫੇ ਦੀ ਵਧਦੀ ਮੰਗ ਦੌਰਾਨ ਗੋਟਾਬਾਯਾ ਨੇ 'ਪ੍ਰਬੰਧਕੀ ਤਬਦੀਲੀ' ਦਾ ਐਲਾਨ ਕੀਤਾ ਹੈ।

ਨਵੀਂ ਕੈਬਨਿਟ ਓਦੋਂ ਬਣਾਈ ਗਈ ਹੈ, ਜਦ ਆਰਥਿਕ ਮਦਦ ਲੈਣ ਲਈ ਸ੍ਰੀਲੰਕਨ ਵਫਦ ਦੀ ਅੰਤਰਰਾਸ਼ਟਰੀ ਮਾਨੀਟਰ ਫੰਡ (ਆਈ ਐਮ ਐਫ) ਨਾਲ ਗੱਲਬਾਤ ਹੋਣ ਵਾਲੀ ਹੈ। 72 ਸਾਲਾ ਰਾਜਪਕਸ਼ੇ ਨੇ ਕੱਲ੍ਹ 17 ਮੈਂਬਰੀ ਮੰਤਰੀ ਮੰਡਲ ਸਣੇ ਸਹੁੰ ਚੁੱਕੀ। ਤਿੰਨ ਮੰਤਰੀਆਂ ਦੀ ਨਿਯੁਕਤੀ ਪਹਿਲਾਂ ਹੋ ਚੁੱਕੀ ਸੀ। ਨਵੀਂ ਕੈਬਿਨਟ ਵਿੱਚ ਚਾਮਲ ਰਾਜਪਕਸ਼ੇ ਤੇ ਮਹਿੰਦਾ ਦੇ ਬੇਟੇ ਨਮਲ ਰਾਜਪਕਸ਼ੇ ਨੂੰ ਜਗ੍ਹਾ ਨਹੀਂ ਮਿਲੀ। ਇਹ ਦੋਵੇਂ ਕੈਬਨਿਟ ਮੰਤਰੀ ਸਨ। ਸ਼ਸ਼ੀਂਦਰ ਰਾਜਪਕਸ਼ੇ ਰਾਜ ਮੰਤਰੀ ਸਨ। ਗੋਟਾਬਾਯਾ ਨੇ ਨਵੇਂ ਮੰਤਰੀਆਂ ਤੋਂ ਨਿਪੁੰਨ ਤੇ ਸਾਫ-ਸੁਥਰੀ ਸਰਕਾਰ ਲਈ ਸਮਰਥਨ ਮੰਗਿਆ ਹੈ।

## ਸਾਧਵੀ ਰਿਤੰਭਰਾ ਵੱਲੋਂ ਹਿੰਦੂ ਔਰਤਾਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਦਾ ਸੱਦਾ

ਕਾਨਪੁਰ, 19 ਅਪ੍ਰੈਲ (ਪੋਸਟ ਬਿਊਰੋ)- ਹਿੰਦੂਵਾਦੀ ਆਗੂ ਸਾਧਵੀ ਰਿਤੰਭਰਾ ਨੇ ਭਾਰਤ ਦੀਆਂ ਸਭ ਹਿੰਦੂ ਔਰਤਾਂ ਨੂੰ ਚਾਰ-ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਨ੍ਹਾਂ ਵਿੱਚੋਂ ਦੋ ਬੱਚੇ ਦੇਸ਼ ਲਈ ਸਮਰਪਿਤ ਕੀਤੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਜਲਦੀ ਹੀ 'ਹਿੰਦੂ ਰਾਸ਼ਟਰ' ਬਣ ਜਾਵੇਗਾ।

ਦਿੱਲੀ ਦੇ ਜਹਾਂਗੀਰਪੁਰੀ ਵਿੱਚ ਕੱਲ੍ਹ ਹੋਈ ਫਿਰਕੂ ਹਿੰਸਾ ਦੇ ਸਬੰਧ ਵਿੱਚ ਉਨ੍ਹਾਂ ਕਿਹਾ ਕਿ ਹਨੂੰਮਾਨ ਜੈਅੰਤੀ ਸੋਭਾ ਯਾਤਰਾ ਉੱਤੇ ਹਮਲਾ ਕਰਨ ਵਾਲੇ ਦੇਸ਼ ਦੀ ਤਰੱਕੀ ਤੋਂ ਈਰਖਾ ਕਰਦੇ ਹਨ। ਉਨ੍ਹਾਂ ਕਿਹਾ,'ਜੋ ਲੋਕ ਸਿਆਸੀ ਅਤਿਵਾਦ ਰਾਹੀਂ ਹਿੰਦੂ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਮਿੱਟੀ ਵਿੱਚ ਰੋਲ ਦਿੱਤਾ ਜਾਵੇਗਾ।' ਕੱਲ੍ਹ ਕਾਨਪੁਰ ਦੇ ਨਿਰਾਲਾ ਨਗਰ ਰੇਲਵੇ ਕੰਪਲੈਕਸ ਵਿੱਚ ਹੋਏ ਰਾਮ ਮਹੋਤਸਵ ਪ੍ਰੋਗਰਾਮ ਵਿੱਚ ਸਾਧਵੀ ਰਿਤੰਬਰਾ ਨੇ ਕਿਹਾ,'ਤੁਸੀਂ ਦੋ ਬੱਚੇ ਪੈਦਾ ਕੀਤੇ। ਹੈ ਨਾ, ਅਸੀਂ ਦੋ ਸਾਡੇ ਦੋ, ਮੇਰੀ ਅਪੀਲ ਹੈ ਹਿੰਦੂ ਸਮਾਜ ਦੇ ਭਰਾਵਾਂ ਨੂੰ, ਦੋ ਨਹੀਂ, ਚਾਰ ਬੱਚਿਆਂ ਨੂੰ ਜਨਮ ਦਿਉ। ਦੋ ਬੱਚੇ ਰਾਸ਼ਟਰ ਲਈ ਸਮਰਪਿਤ ਕਰੋ।'' ਮੌਜੂਦ ਭੀੜ ਵੱਲੋਂ 'ਜੈ ਸ੍ਰੀ ਰਾਮ' ਦੇ ਨਾਹਰੇ ਦੌਰਾਨ ਰਿਤੰਬਰਾ ਨੇ ਕਿਹਾ,'ਉਹ ਦੋਵੇਂ (ਸੰਤਾਨ) ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਮਰਪਿਤ ਸੇਵਕ ਬਣਨਗੇ।' ਉਨ੍ਹਾਂ ਕਿਹਾ,'ਸ੍ਰੀ ਰਾਮ ਜਨਮ ਭੂਮੀ ਉੱਤੇ ਇੱਕ ਮੰਦਰ ਬਣਾਇਆ ਜਾ ਰਿਹਾ ਹੈ ਅਤੇ ਅਸੀਂ ਹਰ ਕਣ, ਹਰ ਵਿਅਕਤੀ ਨੂੰ ਰਾਮਮਈ ਬਣਾਉਣਾ ਹੈ।' ਬਾਅਦ ਵਿੱਚ ਸਾਧਵੀ ਰਿਤੰਭਰਾ ਨੇ ਆਪਣੇ ਬਿਆਨ ਦੇ ਪੱਖ ਵਿੱਚ ਦਲੀਲ ਦਿੰਦੇ ਹੋਏ ਕਿਹਾ,'ਭਾਰਤ ਦੇ ਅਤੀਤ ਉੱਤੇ ਨਜ਼ਰ ਮਾਰੀਏ ਤਾਂ ਕਈ ਬੱਚੇ ਦੇਸ਼ ਲਈ ਆਪਣੇ ਆਪ ਨੂੰ ਸਮਰਪਿਤ ਕਰਦੇ ਸਨ। ਉਨ੍ਹਾਂ ਦੇ ਮਾਤਾ-ਪਿਤਾ ਨੂੰ ਵੀ ਪ੍ਰੇਸ਼ਾਨੀ ਨਹੀਂ ਹੁੰਦੀ ਸੀ, ਕਿਉਂਕਿ ਉਨ੍ਹਾਂ ਦੀ ਪਰੰਪਰਾ ਚਲਾਉਣ ਲਈ ਹੋਰ ਸੰਤਾਨਾਂ ਹੁੰਦੀਆਂ ਸਨ, ਅੱਜ ਲੋਕਾਂ ਦਾ ਹਾਲ ਇਹ ਹੈ ਕਿ ਉਹ ਸਮਰੱਥ ਵੀ ਹਨ, ਪੜ੍ਹਾ ਵੀ ਸਕਦੇ ਹਨ, ਪਰ ਉਹ ਸੰਤਾਨਾਂ ਨੂੰ ਜਨਮ ਨਹੀਂ ਦੇਣਾ ਚਾਹੁੰਦੇ।'

ਸਾਧਵੀ ਰਿਤੰਬਰਾ ਨੇ ਕਿਹਾ,'ਦੇਸ਼ ਨੂੰ ਕੁਝ ਅਜਿਹੇ ਲੋਕਾਂ ਦੀ ਲੋੜ ਹੈ। ਤੁਸੀਂ ਦੇਖੋ ਸੰਘ ਦੇ ਕਿੰਨੇ ਲੱਖ ਪ੍ਰਚਾਰਕ ਨਿਕਲੇ। ਕੱਲ੍ਹ ਤੋਂ 30-35 ਸਾਲ ਪਹਿਲਾਂ, ਜਿਨ੍ਹਾਂ ਵਿੱਚੋਂ ਕੱਲ੍ਹ ਦੇਸ਼ ਦੇ ਪ੍ਰਧਾਨ ਮੰਤਰੀ ਵੀ ਹਨ, ਜੋ ਦੇਸ਼ ਲਈ ਤਨ, ਮਨ, ਇੱਕ-ਇੱਕ ਪਲ ਸਮਰਪਿਤ ਹੋਏ ਹਨ ਤਾਂ ਅਗਲੇ ਸਮੇਂ ਵਿੱਚ ਇਸ ਧਰਤੀ ਨੂੰ ਬੰਜਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੀਆਂ ਸੰਤਾਨਾਂ ਇਸ ਦੇਸ਼ ਨੂੰ ਸਮਝਣ। ਅਜਿਹੀ ਸਾਡੀ ਦੇਸ਼ ਦੀ ਪਰੰਪਰਾ ਰਹੀ ਹੈ। ਮੈਂ ਉਸੇ ਨੂੰ ਯਾਦ ਦਿਵਾ ਰਹੀ ਸੀ।'







## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202






# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


WWW.KULWINDERCHHINA.COM

MULTI AWARD WINNER

REALTOR



KULWINDERCHHINA
BROKER
647.293.2327



Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ



STARLANE PAINTING

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

Call For FREE Estimate

7 Days A Week

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਘਨੱਆ





ਤੁਰੰਤ ਕਾਮਿਆਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।

ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365




Visions of Punjab



VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976



## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੌਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049



You can Place Your Business Here
(905)793-2202
To Reach Wider Audience

For more info Call 905-793-2202 or e-mail ads@punjabipost.ca



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
GUARANTEED
MCNE
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details
JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details
SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood
SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird
SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell
SOLD @101% OF ASKING PRICE
12 Laurelcrest St
Queen / Laurelcrest / Hwy 410
SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410
SOLD @99% OF ASKING PRICE
11 Van Hoof Crest
Castlemore/ Goreway / Latania
SOLD $121,000 OVER ASKING IN 6 DAYS Caledon
42 Pinedale Ave
Kennedy / Dougall
SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood
SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX
Realty Specialists Inc. Brokerage
(Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


323rd Revelation Day of Khalsa
੩੨੩ ਵਾਂ ਖਾਲਸਾ ਸਾਜਨਾ ਦਿਵਸ
44th Annual Khalsa Day Celebration in Toronto
KHALSA DAY 2022
Sunday, 24th April 2022
Kultar Singh Gill 416-676-8820
Inderjit Singh Jagron 416-704-0506
Pall Singh Badwal 416-402-9053
Manjit Singh Parmar 416-524-7330
Harbans Singh Jandali 416-804-1999
Bhupinder Singh Ubbi 416-726-7388
Ajmer Singh Mandur 519-574-5042
PLEASE NOTE: NO PARADE THIS YEAR
CELEBRATIONS ONLY AT NATHAN PHILIPS SQUARE (City Hall)
10.00 AM TO 5:00 PM
Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday
ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017